P-1-40/date of Posting: 4th-9th February, 2026

ਮੁੱਲ: ₹20

# ਪੰਖੜੀਆਂ

ਫ਼ਰਵਰੀ, 2026



ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ

## ਮੁੱਖ ਸੰਪਾਦਕ:
## ਉਪ ਸਕੱਤਰ, ਅਕਾਦਮਿਕ

## ਸੰਪਾਦਕ:
## ਪਰਮਿੰਦਰ ਕੌਰ

ਫਰਵਰੀ, 2026, ਸਾਲ 56ਵਾਂ ਅੰਕ 02

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ


## ਨੋਟਿਸ ਬੋਰਡ

"'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਵਿੱਚ ਛਪਣ ਵਾਲੀਆਂ ਰਚਨਾਵਾਂ ਦੇ ਨਵੇਂ ਤੇ ਪੁਰਾਣੇ ਲੇਖਕਾਂ ਨੂੰ ਅਪੀਲ ਹੈ ਕਿ ਅਗਲੇ ਮਹੀਨਿਆਂ ਨਾਲ ਸੰਬੰਧਿਤ ਮੈਟਰ ਨੂੰ ਦੋ ਮਹੀਨੇ ਐਡਵਾਂਸ ਭੇਜਿਆ ਜਾਵੇ ਤਾਂ ਜੋ ਉਹਨਾਂ ਦੁਆਰਾ ਭੇਜੀਆਂ ਰਚਨਾਵਾਂ ਨੂੰ ਮੈਗਜ਼ੀਨਾਂ ਵਿੱਚ ਪ੍ਰਿੰਟ ਕਰਵਾ ਕੇ ਸਮੇਂ ਦਾ ਹਾਣੀ ਬਣਾਉਂਦੇ ਹੋਇਆਂ ਪਾਠਕਾਂ ਤੱਕ ਪੁੱਜਦਾ ਕੀਤਾ ਜਾ ਸਕੇ।"


**ਚੰਦਾ ਭੇਜਣ ਦਾ ਪਤਾ:**
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8, ਸਾਹਿਬਜ਼ਾਦਾ
ਅਜੀਤ ਸਿੰਘ ਨਗਰ, ਮੁਹਾਲੀ-160062

**ਚਿੱਠੀ-ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:**
ਸੰਪਾਦਕ, ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ-160062
ਸੰਪਰਕ: 0172-5227395



ਇੱਕ ਕਾਪੀ: ₹20 | ਸਲਾਨਾ: ₹240



ਈ-ਮੇਲ: pankhrianpseb@gmail.com
academic.pseb@punjab.gov.in
ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ੁੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਇਸ ਅੰਕ ਵਿੱਚ


| | |
|---|---|
| ਸੰਪਾਦਕੀ/ਸ੍ਰੀਮਤੀ ਪਰਮਿੰਦਰ ਕੌਰ | 4 |
| ਕਿੰਵ ਕਰੀਏ ਪਰੀਖਿਆ ਦੀ ਤਿਆਰੀ/ਸ੍ਰੀ ਪ੍ਰਮੋਦ ਧੀਰ | 5 |
| ਸਾਡੇ ਹੱਥ ਸਾਡਾ ਖ਼ਜ਼ਾਨਾ/ਸ੍ਰੀ ਵਿਵੇਕ | 8 |
| ਪੰਜਾਬੀ ਬੋਲੀ/ਸ੍ਰੀਮਤੀ ਸਤਨਾਮ ਚੌਹਾਨ | 9 |
| ਹੱਸਦਿਆਂ ਦੇ ਘਰ ਵੱਸਦੇ/ਸ੍ਰੀ ਸੰਜੀਵ ਸਿੰਘ ਸੈਣੀ | 10 |
| ਵਿੱਦਿਆ ਅਤੇ ਮਾਨਵੀ ਮੁੱਲ/ਸ੍ਰੀਮਤੀ ਬਲਵਿੰਦਰ ਕੌਰ | 14 |
| ਠੰਢ ਤੋਂ ਬਚ ਕੇ/ਸ੍ਰੀ ਚਮਨਦੀਪ ਸ਼ਰਮਾ | 17 |
| ਪਰ-ਉਪਕਾਰੀ ਮਾਤਾ-ਪਿਤਾ/ਸ੍ਰੀ ਕੁਲਦੀਪ ਸਿੰਘ | 18 |
| ਰੁੱਖ/ਸ੍ਰੀ ਰਵਿੰਦਰ ਰੁਪਾਲ | 19 |
| ਮਹਾਂਸ਼ਿਵਰਾਤਰੀ/ਸ੍ਰੀਮਤੀ ਡੇਜ਼ੀ ਰਾਣੀ | 20 |
| ਸਾਈਕਲ ਦਾ ਸਟੈਂਡ/ਸ੍ਰੀ ਸੁਰਜੀਤ ਸਿੰਘ | 22 |
| ਹੰਕਾਰਿਆ ਸੋ ਮਾਰਿਆ/ਸ੍ਰੀ ਤਰਸੇਮ ਭੰਗੂ | 24 |
| ਬਾਲ-ਸਭਾ: ਬੀਤੇ ਦੀ ਬਾਤ/ਸ੍ਰੀ ਰਮੇਸ਼ ਬੱਗਾ ਚੋਹਲਾ | 26 |
| ਅਨਮੋਲ ਸੁਨੇਹੇ ਤੇ ਸੰਕਲਪ/ਸ੍ਰੀ ਲੋਕਨਾਥ ਸ਼ਰਮਾ | 29 |
| ਜੰਗਲ ਦੇ ਰਾਖੇ/ਸ੍ਰੀ ਕੇ ਪੀ ਸਿੰਘ | 34 |
| ਨਾਵਲ-ਥੇਹ/ਸ੍ਰੀ ਜਸਵੀਰ ਭੁੱਲਰ | 36 |



ਸੰਪਾਦਕੀ

**ਪਰਮਿੰਦਰ ਕੌਰ**

ਪਿਆਰੇ ਵਿਦਿਆਰਥੀਓ!

'ਸਿਦਕ-ਲਗਨ ਦੇ ਤਕੜੇ ਖ਼ੰਭੀਂ, ਉੱਡਣਾ ਉੱਚ-ਅਸਮਾਨੀ,
ਸਾਗਰ ਵੀ ਰੋਕ ਸਕਣ ਨਾ, ਤੇਰੀ ਸਹਿਜ ਰਵਾਨੀ।

ਪਰੀਖਿਆਵਾਂ ਵਿੱਦਿਅਕ ਖੇਤਰ ਦਾ ਆਮ ਤੇ ਜ਼ਰੂਰੀ ਵਰਗ ਹਨ। ਪਰੀਖਿਆਵਾਂ ਵਿੱਦਿਅਕ ਸਿਸਟਮ ਰਾਹੀਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਤੇ ਊਰਜਾ ਭਰਦੀਆਂ ਹਨ। ਪਰੀਖਿਆਵਾਂ ਵਿਦਿਆਰਥੀ-ਜੀਵਨ ਦਾ ਅਨਿੱਖੜਵਾਂ ਅੰਗ ਹਨ। ਇਹ ਪਰੀਖਿਆਵਾਂ ਜੀਵਨ ਦੀ ਪਰਖ ਹਨ, ਜਿਵੇਂ ਜੌਹਰੀ ਸੋਨੇ ਦੀ ਸੁਧਤਾ ਲਈ ਉਸ ਨੂੰ ਪਰਖਦਾ, ਹਾੜਦਾ, ਕੁਠਾਲ਼ੀ ਵਿੱਚ ਢਾਲ਼ਦਾ ਤੇ ਸੁੰਦਰ ਗਹਿਣੇ ਘੜ੍ਹਦਾ ਤੇ ਗਹਿਣੇ ਵਿੱਚ ਨਗ ਜੜ੍ਹਦਾ ਹੈ ਉਵੇਂ ਹੀ ਪਰੀਖਿਆ ਵੀ ਵਿੱਦਿਆਰਥੀਆਂ ਨੂੰ ਸੁਧ-ਖਰੇ ਗਹਿਣੇ ਹੀ ਨਹੀਂ ਬਣਾਉਂਦੀਆਂ ਸਗੋਂ ਉਹਨਾਂ ਲਈ ਮਾਨ-ਸਨਮਾਨ ਦੇ ਨਾਲ਼-ਨਾਲ਼ ਸੁਨਹਿਰੇ ਭਵਿਖ ਵੱਲ ਵੀ ਲੈ ਜਾਂਦੀਆਂ ਹਨ।

ਇਸ ਲਈ ਪਰੀਖਿਆਵਾਂ ਤੋਂ ਨਜ਼ਰਾਂ ਚੁਰਾਉਣ ਦੀ ਨਹੀਂ, ਨਜ਼ਰਾਂ ਮਿਲਾਉਣ ਦੀ ਲੋੜ ਹੈ ਜਿਹੜੇ ਵਿਦਿਆਰਥੀ ਪਰੀਖਿਆਵਾਂ ਨੂੰ ਮੰਜ਼ਿਲ ਬਣਾ ਲੈਂਦੇ ਹਨ, ਰੁਕਾਵਟਾਂ ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੀਆਂ।

ਮੈਂ ਆਪਣੇ ਸਾਰੇ ਵਿਦਿਆਰਥੀਆਂ ਲਈ ਸੁਨਹਿਰੇ ਭਵਿਖ ਦੀ ਕਾਮਨਾ ਕਰਦੀ ਹਾਂ।

ਸ਼ੁਭ-ਕਾਮਨਾਵਾਂ



# ਕਿੰਵ ਕਰੀਏ ਪਰੀਖਿਆ ਦੀ ਤਿਆਰੀ

ਪ੍ਰਮੋਦ ਧੀਰ
9855031081

ਪਰੀਖਿਆਵਾਂ ਦਾ ਸਮਾਂ ਨਜ਼ਦੀਕ ਆਉਂਦਾ ਜਾ ਰਿਹਾ ਹੈ। ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤਿ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤਿ ਜਾਗਰੂਕ ਨਹੀਂ ਹੋਏ ਤਾਂ ਇਸ ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ ਲਿਖਾਈ ਵਿੱਚ ਦਿਲ ਨਾ ਲੱਗਣਾ, ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ, ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ, ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜ਼ਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗੱਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਿ ਕਦੇ ਵੀ ਪੜ੍ਹਾਈ ਨੂੰ ਬੋਝ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਓ। ਪੜ੍ਹਨ ਨੂੰ ਆਪਣਾ ਸ਼ੌਕ ਬਣਾਓ। ਜੋ ਵਿਦਿਆਰਥੀ ਸ਼ੌਕ ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜ਼ਿੰਦਗੀ 'ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਪਰੀਖਿਆ ਦੀ ਤਿਆਰੀ ਲਈ ਸਭ ਤੋਂ ਜ਼ਰੂਰੀ ਕੰਮ ਹੈ ਟਾਈਮ-ਟੇਬਲ ਬਣਾਉਣਾ। ਟਾਈਮ-ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੀ। ਜਿਸ ਨੂੰ ਬਣਾਉਣ ਲਈ ਹੇਠਾਂ ਦਿੱਤੇ ਜਾ ਰਹੇ ਬਿੰਦੂਆਂ ਨੂੰ ਧਿਆਨ ਵਿੱਚ ਰੱਖੋ।

*ਆਪਣੇ ਰੋਜ਼ਾਨਾ ਦੇ ਰੁਟੀਨ ਦਾ ਸਰਵੇਂ ਕਰੋ:

ਇਸ ਦਾ ਮਤਲਬ ਹੈ ਕਿ ਪਹਿਲਾਂ ਤੁਸੀਂ ਆਪਣੇ ਰੋਜ਼ਾਨਾ ਦੇ ਕੰਮਾਂ ਦਾ ਨਰੀਖਣ ਕਰ ਕੇ ਪਤਾ ਕਰੋ ਕਿ ਤੁਸੀਂ ਕਿਹੜੇ ਕੰਮ ਕਰਦੇ ਹੋ ਜੋ ਮਹੱਤਵਪੂਰਨ ਹਨ ਤੇ ਕਿਹੜੇ ਮਹੱਤਵਪੂਰਨ ਨਹੀਂ ਹਨ, ਉਹਨਾਂ ਦੀ ਇੱਕ ਸੂਚੀ ਬਣਾਓ ਅਤੇ ਦਿਨ ਦੇ ਮਹੱਤਵਪੂਰਨ ਕੰਮਾਂ ’ਤੇ ਟਿਕ ਲਗਾਓ ਤੇ ਜੋ ਕੰਮ ਮਹੱਤਵਪੂਰਨ ਨਹੀਂ ਸਨ ਤੁਹਾਡੇ ਵੱਲੋਂ ਕੀਤੇ ਗਏ ਉਹਨਾਂ ਕੰਮਾਂ ਸਾਮ੍ਹਣੇ ਕਰਾਸ ਦਾ ਨਿਸ਼ਾਨ ਲਗਾਓ। ਅਜਿਹੇ ਕੰਮਾਂ ਨੂੰ ਕਰਨ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਆਪਣੇ ਕਿਸੇ ਸਮੇਂ ਨੂੰ ਵਿਅਰਥ ਵਿੱਚ ਖ਼ਰਚ ਕੀਤਾ ਹੈ ਅਤੇ ਕਿਸ ਸਮੇਂ ਨੂੰ ਸਹੀ ਵਰਤਿਆ ਹੈ, ਦੁਬਾਰਾ ਸਮਾਂ ਵਿਅਰਥ ਕਰਨ ਤੋਂ ਬਚੋ। ਹੁਣ ਤੁਸੀਂ ਉਹਨਾਂ ਵਿਸ਼ਿਆ ਦੀ ਮੁੜ ਸੂਚੀ ਬਣਾਓ ਜੋ ਤੁਹਾਡੇ ਲਈ ਅਤੇ ਤੁਹਾਡੀ ਪੜ੍ਹਾਈ ਲਈ ਮਹੱਤਵਪੂਰਨ ਹਨ।

*ਆਪਣੇ ਅਧਿਐਨ ਲਈ ਕਮਜ਼ੋਰ ਤੇ ਸ਼ਕਤੀਸ਼ਾਲੀ ਵਿਸ਼ੇ ਚੁਣੋ: ਇਸ ਗੱਲ ਨੂੰ ਹਰ ਵਿਦਿਆਰਥੀ ਚੰਗੀ ਤਰ੍ਹਾਂ ਸਮਝ ਸਕਦਾ ਹੈ ਕਿ ਉਹ ਹੋਰ ਕਿਸੇ ਵਿੱਚ ਕਮਜ਼ੋਰ ਨਹੀਂ ਹੁੰਦਾ। ਜੋ ਵਿਸ਼ੇ ਕਮਜ਼ੋਰ ਹਨ ਜਾਂ ਜਿਨ੍ਹਾਂ ਵਿਸ਼ਿਆਂ ਨੂੰ ਤੁਹਾਡੀ ਮਿਹਨਤ ਦੀ ਸਖ਼ਤ ਲੋੜ ਹੈ, ਉਹਨਾਂ ਨੂੰ ਆਪਣੇ ਮਹੱਤਵਪੂਰਨ ਬਿੰਦੂਆਂ ਦੇ ਸਿਖਰ ’ਤੇ ਰੱਖੋ ਤੇ ਵੱਧ ਸਮਾਂ ਦਿਓ। ਜਿਨ੍ਹਾਂ ’ਤੇ ਤੁਹਾਡੀ ਪਕੜ ਚੰਗੀ ਹੈ ਉਹਨਾਂ ਦਾ ਵੀ ਅਧਿਐਨ ਕਰਨਾ ਨਾ ਭੁੱਲੋ।

*ਸੁਚੱਜੀ ਪੜ੍ਹਾਈ ਲਈ ਬਣਾਓ ਟਾਈਮ ਟੇਬਲ: ਹੁਣ ਲੋੜ ਹੈ ਤੁਹਾਨੂੰ ਟਾਈਮ-ਟੇਬਲ ਦੀ ਚੋਣ ਕਰਨ ਦੀ। ਸਵੇਰ ਤੁਹਾਡੇ ਜਾਗਣ ਤੋਂ ਬਾਅਦ ਦੇ ਰੋਜ਼ਾਨਾ ਕੀਤੇ ਜਾ ਰਹੇ ਕੰਮਾਂ ਨੂੰ ਇਸ ਸੂਚੀ ਵਿੱਚ ਪਾਓ ਤੇ ਹਰ ਵਿਸ਼ੇ ਨੂੰ ਜ਼ਿਆਦਾ ਲੰਮੇ ਸਮੇਂ ਤੱਕ ਨਾ ਰੱਖੋ ਕਿਉਂਕਿ ਕਿਸੇ ਵਿਸ਼ੇ ਨੂੰ ਲਗਾਤਾਰ ਲੰਮੇ ਸਮੇਂ ਤੱਕ ਪੜ੍ਹਦੇ ਰਹਿਣ ਦੀ ਵਜ੍ਹਾ ਨਾਲ਼ ਤੁਹਾਡਾ ਦਿਮਾਗ਼ ਤਣਾਅਗ੍ਰਸਤ ਹੋ ਸਕਦਾ ਹੈ। ਇਸ ਲਈ ਪੜ੍ਹਾਈ ਦੇ ਵਿਸ਼ਿਆਂ ਨੂੰ ਸੂਚੀ ਵਿੱਚ 40 ਤੋਂ 50 ਮਿੰਟ ਤੱਕ ਦਾ ਹੀ ਸਮਾਂ ਦਿਓ।

*ਬ੍ਰੇਕ-ਟਾਈਮ ਦੀ ਚੋਣ ਕਰੋ: ਹਰੇਕ 40-50 ਮਿੰਟ ਦੇ ਫ਼ਰਕ ਤੋਂ ਬਾਅਦ 5 ਤੋਂ 10 ਮਿੰਟ ਤੱਕ ਦੀ ਬ੍ਰੇਕ ਦਿਓ। ਇਸ ਦੀ ਵਜ੍ਹਾ ਨਾਲ਼ ਤੁਸੀਂ ਖ਼ੁਦ ਨੂੰ ਮੁੜ ਤਰੋ ਤਾਜ਼ਾ ਜਾਂ ਹਲਕਾ ਮਹਿਸੂਸ ਕਰ ਸਕਦੇ ਹੋ। ਇਸ ਦੌਰਾਨ ਜੇਕਰ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ ਤਾਂ ਟੀ.ਵੀ. ਆਦਿ ਦੇਖ ਸਕਦੇ ਹੋ, ਗਾਣਾ ਸੁਣ ਕੇ ਡਾਂਸ ਕਰ ਸਕਦੇ ਹੋ, ਤੁਸੀ ਖ਼ੁਦ ਲਈ ਚਾਹ ਜਾਂ ਕੌਫ਼ੀ ਤਿਆਰ ਕਰ ਸਕਦੇ ਹੋ। ਪੜ੍ਹਨ ਦੇ

ਨਾਲ਼-ਨਾਲ਼ ਤੁਹਾਡੇ ਟਾਈਮ-ਟੇਬਲ ਵਿੱਚ ਬ੍ਰੇਕ ਟਾਈਮ ਦਾ ਹੋਣਾ ਬਹੁਤ ਜ਼ਰੂਰੀ ਹੈ।

*ਘਰੇਲੂ ਕੰਮਾਂ ਦੀ ਸੂਚੀ ਬਣਾਓ:ਇਹ ਜ਼ਰੂਰੀ ਨਹੀਂ ਕਿ ਤੁਸੀਂ ਧਾਰ ਹੀ ਲਓ ਕਿ ਪੜ੍ਹਾਈ ਅਤੇ ਸਿਰਫ਼ ਪੜ੍ਹਾਈ ਲਈ ਹੀ ਟਾਈਮ-ਟੇਬਲ ਵਿੱਚ ਸਮਾਂ ਕੱਢੋਗੇ। ਕੁਝ ਘਰੇਲੂ ਕੰਮਾਂ ਦਾ ਇਸ ਟੇਬਲ ਵਿੱਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਇਹਨਾਂ ਕੰਮਾਂ ਲਈ ਤੁਸੀਂ ਵੱਖ ਤੋਂ ਇੱਕ ਦਿਨ ਦਾ ਸਮਾਂ ਦੇ ਕੱਢ ਸਕਦੇ ਹੋ, ਜਿਵੇਂ: ਐਤਵਾਰ। ਇਸ ਦਿਨ ਪੂਰੇ ਦਿਨ ਤੁਸੀਂ ਚਾਹੋ ਤਾਂ ਆਪਣੇ ਹੋਰ ਜ਼ਰੂਰੀ ਕੰਮ ਨਿਪਟਾ ਸਕਦੇ ਹੋ, ਜਿਵੇਂ: ਬਜ਼ਾਰੋਂ ਸਮਾਨ ਖ਼ਰੀਦਣਾ, ਆਪਣੇ ਕੱਪੜੇ ਧੋਣਾ, ਜੁੱਤੀਆਂ ਪਾਲਿਸ਼ ਕਰਨਾ, ਕੱਪੜੇ ਪ੍ਰੈੱਸ ਕਰਨਾ, ਆਪਣੇ ਕਮਰੇ ਦੀ ਸਫ਼ਾਈ ਕਰਨਾ, ਕਿਤਾਬਾਂ ਨੂੰ ਸਹੀ ਢੰਗ ਨਾਲ਼ ਰੱਖਣਾ ਆਦਿ। ਇਹ ਸਭ ਲਈ ਤੁਹਾਨੂੰ ਸਮਾਂ ਕੱਢਣਾ ਚਾਹੀਦਾ ਹੈ ਕਿਉਂਕਿ ਇਹ ਉਹ ਕੰਮ ਹੁੰਦੇ ਹਨ ਜੋ ਤੁਹਾਡੇ ਵਿਦਿਆਰਥੀ ਜੀਵਨ ਨੂੰ ਪ੍ਰਭਾਵਿਤ ਕਹਿੰਦੇ ਹਨ।

*ਅੱਜ ਹੀ ਚੰਗੇ ਟਾਈਮ-ਟੇਬਲ ‘ਤੇ ਨਿਰਭਰ ਹੋਵੋ: ਤੁਹਾਡਾ ਟਾਈਮ-ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ-ਟੇਬਲ ਦੇ ਅਨੁਸਾਰ ਕਰਨ ਦੀ ਸੂਚੀ ਵਿੱਚ ਦਿੱਤੇ ਗਏ ਸਮੇਂ ਦੇ ਨਾਲ਼ ਹੀ ਉਚਿਤ ਕੰਮ ਕਰਨ ਲਈ ਆਪਣੇ-ਆਪ ਨੂੰ ਮਜ਼ਬੂਤ ਬਣਾਓ ਤੇ ਬਣਾਏ ਟਾਈਮ-ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ਼ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ-ਟੇਬਲ ਵਿਚ ਫੇਰ-ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਹਨਾਂ ਕੰਮਾਂ ਨੂੰ ਸੂਚੀ ਵਿੱਚ ਪਾ ਸਕਦੇ ਹੋ ਤੇ ਆਪਣਾ ਟਾਈਮ ਟੇਬਲ ਨੂੰ ਹੋਣ ਵੀ ਜ਼ਿਆਦਾ ਪ੍ਰਭਾਵਸ਼ਾਲੀ ਬਣਾ ਸਕਦੇ ਹੋ। ਇਸ ਤਰ੍ਹਾਂ ਉਪਰ ਦਿੱਤੇ ਗਏ ਤਰੀਕਿਆਂ ਨਾਲ਼ ਤੁਸੀਂ ਬਹੁਤ ਹੀ ਅਸਾਨੀ ਨਾਲ਼ ਇੱਕ ਟਾਈਮ-ਟੇਬਲ ਬਣਾ ਸਕਦੇ ਹੋ। ਪਰੀਖਿਆ ਦਾ ਮੌਸਮ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ-ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦਉਪਯੋਗ ਕਰਦੇ ਹੋਏ ਪੜ੍ਹਾਈ ਕਰੋ। ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਹਨਾਂ ਸੁਝਾਵਾਂ ਰਾਹੀਂ ਜ਼ਰੂਰ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

ਲੇਖ



# ਸਾਡੇ ਹੱਥ ਸਾਡਾ ਖ਼ਜ਼ਾਨਾ

ਵਿਵੇਕ

ਕੁਦਰਤ ਨੇ ਸਭ ਨੂੰ ਦੋ ਹੱਥ ਦਿੱਤੇ ਹਨ। ਹੱਥ ਨੂੰ ਕਰ ਵੀ ਕਹਿੰਦੇ ਹਨ ਜਿਸ ਦਾ ਭਾਵ ਹੈ ਕਰਮ। ਕਿਉਂਕਿ ਅਸੀਂ ਆਪਣੇ ਸਾਰੇ ਕਾਰਜ ਇਹਨਾਂ ਹੱਥਾਂ ਨਾਲ਼ ਹੀ ਕਰਦੇ ਹਾਂ। ਇਹਨਾਂ ਹੱਥਾਂ ਵਿੱਚ ਬਹੁਤ ਕੁਝ ਹੈ। ਜਦੋਂ ਕੋਈ ਆਦਮੀ ਕੰਮ ਨਹੀਂ ਕਰਦਾ ਤਦ ਕਿਹਾ ਜਾਂਦਾ ਹੈ ਕੰਮ ਕਰ ਰੱਬ ਨੇ ਤੈਨੂੰ ਦੋ ਹੱਥ ਦਿੱਤੇ ਹਨ। ਕਈਆਂ ਨੂੰ ਮੰਗਣ ਦੀ ਆਦਤ ਪੈ ਜਾਂਦੀ ਹੈ ਜਾਂ ਜਿਹੜੇ ਕੰਮਚੋਰ ਹੁੰਦੇ ਹਨ ਉਹ ਚੰਗੇ ਭਲੇ ਮੰਗਤੇ ਬਣ ਜਾਂਦੇ ਹਨ। ਤਦ ਉਹਨਾਂ ਨੂੰ ਵੀ ਲੋਕ ਇਹੋ ਕਹਿੰਦੇ ਹਨ ਤੇਰੀ ਚੰਗੀ ਸਿਹਤ ਹੈ, ਹੱਥ ਹਨ, ਕੰਮ ਕਰਕੇ ਖਾਹ। ਕਿਉਂਕਿ ਸਾਡੇ ਹੱਥ ਹੀ ਸਾਡਾ ਖ਼ਜ਼ਾਨਾ ਹਨ। ਕਹਿਣ ਦਾ ਭਾਵ ਇਹ ਹੈ ਕਿ ਇਹਨਾਂ ਹੱਥਾਂ ਦਾ ਬੜਾ ਮਹੱਤਵ ਹੈ। ਜਿਵੇਂ ਗਾਣਾ ਵੀ ਮਸ਼ਹੂਰ ਹੈ, ਹਾਥੋਂ ਕੀ ਚੰਦ ਲਕੀਰੋਂ ਕਾ ਸਭ ਖੇਲ ਹੈ ਯੇ ਤਕਦੀਰੋਂ ਕਾ। ਦੂਜਾ ਕਹਿੰਦਾ ਹੈ ਤਕਦੀਰ ਹੈ ਕਿਆ ਮੈਂ ਕਿਆ ਜਾਨੂੰ ਮੈਂ ਆਸ਼ਕ ਹੂੰ ਤਦਬੀਰੋਂ ਕਾ। ਇਸ ਕਰਕੇ ਜੋਤਸ਼ ਵਿੱਦਿਆ ਅਨੁਸਾਰ ਸਾਡੀ ਸਾਰੀ ਜ਼ਿੰਦਗੀ ਦਾ ਹਾਲ ਅਤੇ ਭਵਿਖ ਇਹਨਾਂ ਹੱਥਾਂ ਦੀਆਂ ਲਕੀਰਾਂ ਵਿੱਚ ਹੈ। ਤਰਕਸ਼ੀਲ ਕਹਿੰਦੇ ਹਨ ਮਿਹਨਤ ਨਾਲ਼ ਆਪਣੀਆ ਹੱਥਾਂ ਦੀਆਂ ਲਕੀਰਾਂ ਨੂੰ ਹੋਰ ਗੂੜ੍ਹਾ ਕਰੋ। ਹੱਥਾਂ ਦੇ ਅੱਟਣ ਅਤੇ ਛਾਲੇ ਦੱਸਣ ਕਿ ਤੁਸੀਂ ਮਿਹਨਤਕਸ਼ ਹੋ ਅਤੇ ਹਰ ਥਾਂ ’ਤੇ ਤੁਹਾਡੇ ਹੱਥਾਂ ਦੀ ਮਿਹਨਤ ਦੀ ਛਾਪ ਹੋਵੇ। ਸਰੀਰਿਕ ਵਿਗਿਆਨ ਕਹਿੰਦਾ ਹੈ ਕਿ ਤੁਹਾਡੀ ਸਿਹਤ ਦਾ ਖ਼ਜ਼ਾਨਾ ਇਹਨਾਂ ਹੱਥਾਂ ਵਿੱਚ ਹੈ। ਹੱਥਾਂ ਦੀਆਂ ਤਲ਼ੀਆਂ ਉਂਗਲਾਂ, ਨਹੁੰਆਂ ਅਤੇ ਮੁੱਠੀ ਵਿੱਚ ਸਿਹਤ ਨੂੰ ਤੰਦਰੁਸਤ ਰੱਖਣ ਵਾਸਤੇ ਬਹੁਤ ਪੁਆਇੰਟ ਹਨ ਜਿੰਨ੍ਹਾਂ ਨੂੰ ਨੱਪਣ ਨਾਲ਼ ਸਿਹਤ ਅੰਦਰੋਂ-ਬਾਹਰੋਂ ਠੀਕ ਰਹਿੰਦੀ ਹੈ। ਡਾਕਟਰ ਕਹਿੰਦੇ ਹਨ ਜਦੋਂ ਵੀ

ਖਾਣਾ ਖਾਓ ਹੱਥ ਹਮੇਸ਼ਾਂ ਧੋਵੋ ਤਾਂਕਿ ਰੋਟੀ ਖਾਂਦੇ ਹੱਥਾਂ ’ਤੇ ਲੱਗੀ ਧੂੜ-ਮਿੱਟੀ ਪੇਟ ਅੰਦਰ ਨਾ ਜਾਵੇ। ਉਹ ਤਾਂ ਇਹ ਵੀ ਸੁਝਾਅ ਦਿੰਦੇ ਹਨ ਕਿ ਉਂਗਲ਼ਾਂ ਦੇ ਨਹੁੰ ਵੀ ਕੱਟ ਕੇ ਰੱਖੋ ਤਾਂਜੋ ਇਹਨਾਂ ਅੰਦਰ ਮੈਲ਼ ਨਾ ਜਮ੍ਹਾ ਹੋਵੇ। ਯੋਗ ਵਿਗਿਆਨ ਵਿੱਚ ਅਨੇਕਾਂ ਹੱਥਾਂ ਦੀਆਂ ਕਿਰਿਆਵਾਂ ਹਨ ਜਿਨ੍ਹਾਂ ਨੂੰ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਜਿਸ ਨਾਲ਼ ਚਿਹਰੇ ’ਤੇ ਨੂਰ ਆਉਂਦਾ ਹੈ, ਦਿਲ ਦੀ ਧੜਕਣ ਵਿੱਚ ਲਗਾਤਾਰਤਾ ਕਾਇਮ ਰਹਿੰਦੀ ਹੈ। ਦਿਮਾਗ਼ ਨੂੰ ਆਕਸੀਜਨ ਪੁਹੰਚਦੀ ਰਹਿੰਦੀ ਆ ਅਤੇ ਲੰਮੀ ਉਮਰ ਦੀ ਸੰਭਾਵਨਾ ਵੱਧ ਜਾਂਦੀ ਹੈ। ਸਾਡੇ ਹੱਥਾਂ ਦਾ ਬੜਾ ਮਹੱਤਵ ਹੈ ਹੱਥ ਜੋੜਕੇ ਤਾੜੀ ਵਜਾਉਣੀ ਸਾਨੂੰ ਤੰਦਰੁਸਤ ਰੱਖਦੇ ਹਨ। ਜਦੋਂ ਅਸੀਂ ਸੁਬ੍ਹਾ-ਸਵੇਰੇ ਆਪਣਾ ਕੰਮ-ਕਾਰ ਸ਼ੁਰੂ ਕਰਦੇ ਹਾਂ ਤਦ ਇਸੇ ਵਿਸ਼ਵਾਸ ਨਾਲ਼ ਨਮਸਕਾਰ ਕਰਦੇ ਹਾਂ ਕਿ ਭਗਵਾਨ ਸਾਡੇ ਹੱਥਾਂ ਵਿੱਚ ਬਰਕਤ ਪਾਵੇ। ਰੁਜ਼ਗਾਰ ਵਿਚ ਵਾਧਾ ਹੋਵੇ। ਬੱਚਾ ਵੀ ਜਦ ਜਨਮ ਲੈਂਦਾ ਹੈ ਉਹਦੀ ਮੁੱਠੀ ਬੰਦ ਹੁੰਦੀ ਹੈ। ਜੋ ਇਹ ਸੁਨੇਹਾ ਹੁੰਦਾ ਹੈ ਕਿ ਜਦ ਇਹ ਹੱਥ ਖੁੱਲ ਗਏ ਤਦ ਬੰਦੇ ਦੀ ਅਗਲੀ ਜ਼ਿੰਦਗੀ ਦਾ ਦਰਵਾਜ਼ਾ ਖੁੱਲ ਗਿਆ ਹੈ ਹੁਣ ਚਾਹੇ ਮੰਦੇ ਕਰਮ ਕਰਕੇ ਆਪਣੀ ਜ਼ਿੰਦਗੀ ਤਬਾਹ ਕਰ ਲਓ ਜਾਂ ਚੰਗੇ ਕੰਮ ਕਰਕੇ ਆਪਣੀ ਜ਼ਿੰਦਗੀ ਨੂੰ ਕਾਮਯਾਬ ਕਰ ਲਓ।

**ਸਤਨਾਮ ਚੌਹਾਨ**
9888615531

## ਪੰਜਾਬੀ ਬੋਲੀ

ਆਓ
ਆਪਾਂ ਪੰਜਾਬੀ ਮਾਂ ਬੋਲੀ ਦੇ
ਜਸ਼ਨ ਮਨਾਈਏ
ਮਾਂ ਬੋਲੀ ਦੇ ਮੱਥੇ
ਸੋਹਣਾ ਤਾਜ ਸਜਾਈਏ
ਕਰ ਮਾਂ ਦੀ ਸੇਵਾ
ਦੁੱਧ ਦਾ ਕਰਜ਼ਾ ਲਾਹੀਏ
ਮਾਂ ਨੂੰ ਭੁੱਲ ਕੇ
ਕਿੱਦਾਂ ਆਪਣਾ, ਸੱਭਿਆਚਾਰ ਅਪਣਾਵਾਂਗੇ
ਗਾਵਾਂਗੇ, ਕਿੰਝ ਗੀਤ ਸ਼ਗਨਾਂ ਦੇ
ਕਿੰਝ ਘੋੜੀਆਂ, ਗਾਵਾਂਗੇ
ਕਿੰਝ, ਦੇਵਾਂਗੇ ਸਿੱਠਣੀਆਂ
ਕਿੰਝ ਰੌਣਕਾਂ ਲਾਵਾਂਗੇ
ਨਾ ਰਹੀ, ਪੰਜਾਬੀ ਬੋਲੀ
ਤੇ, ਫਿਰ ਕਿੰਝ ਭੰਗੜੇ ਵਿੱਚ
ਡਗਾ ਢੋਲ ’ਤੇ ਲਾਵਾਂਗੇ
ਹੋਵੇਗਾ,ਧੋਖਾ
ਕਿੱਸਾਕਾਰਾਂ ਨਾਲ਼
ਕਿੰਝ ਹੀਰ ਵਾਰਿਸ ਨੂੰ ਗਾਵਾਂਗੇ
ਮਾਂ ਬੋਲੀ ਕਰਕੇ,ਅਸੀਂ ਅਖਵਾਈਏ ਪੰਜਾਬੀ
ਰਹੀ ਨਾ , ਪੰਜਾਬੀ ਬੋਲੀ
ਕਿੰਝ ਧੁੰਮਾਂ,ਵਿੱਚ ਵਿਸ਼ਵ ਦੇ ਪਾਵਾਂਗੇ
ਆਓ, ਸੰਭਾਲੋ ਮਾਂ ਬੋਲੀ ਨੂੰ
ਬਣਾ ਪਟਰਾਣੀ,ਮੱਥੇ ਤਾਜ ਸਜਾ ਦਈਏ
ਜਿਉਂਦੀ ਰਹੇ,ਪੰਜਾਬੀ
ਇਹੋ ਹੀ ਦੁਆ ਕਰੀਏ



ਸ਼ ਖ਼ ਗ਼ ਜ਼ ਫ਼ ਲ਼

ਲੇਖ



**ਸੰਜੀਵ ਸਿੰਘ ਸੈਣੀ**
**7888966168**

# ਹੱਸਦਿਆਂ ਦੇ ਘਰ ਵੱਸਦੇ

ਸਦਾ ਪਾਣੀ ਦੀ ਤਰ੍ਹਾਂ ਵਗਦੇ ਰਹਿਣਾ ਹੀ ਜ਼ਿੰਦਗੀ ਹੈ। ਜ਼ਿੰਦਗੀ ਖ਼ੁਸ਼ਬੋਈ ਐ...। ਸੁੱਖ-ਦੁੱਖ ਹਰੇਕ ਦੀ ਜ਼ਿੰਦਗੀ ਵਿੱਚ ਜ਼ਰੂਰ ਆਉਂਦੇ ਹਨ। ਸੁੱਖ-ਦੁੱਖ ਜ਼ਿੰਦਗੀ ਦਾ ਹਿੱਸਾ ਹਨ। ਦੁੱਖ ਵਿੱਚੋਂ ਨਿਕਲ਼ਨਾ ਆਰਟ ਆਫ਼ ਲਾਈਫ਼ ਹੈ। ਜ਼ਿੰਦਗੀ ਪ੍ਰਤਿ ਸਾਡਾ ਨਜ਼ਰੀਆ ਹੀ ਇਸ ਨੂੰ ਮਾਣਨਯੋਗ ਬਣਾਉਂਦਾ ਹੈ। ਚੰਗੇ ਖ਼ੂਬਸੂਰਤ, ਸਕਾਰਾਤਮਿਕ ਵਿਚਾਰ ਸਾਡੇ ਜੀਵਨ ਦਾ ਰਾਹ ਦਸੇਰਾ ਬਣਦੇ ਹਨ। ਖ਼ੁਸ਼ ਰਹਿਣਾ ਇੱਕ ਕਲਾ ਹੈ ਪਰ ਅੱਜ ਦੇ ਜ਼ਮਾਨੇ ਵਿੱਚ ਵਿਰਲੇ ਹੀ ਹਨ ਜੋ ਖ਼ੁਸ਼ ਰਹਿ ਪਾਉਂਦੇ ਹਨ ।ਇਹ ਦਾਤ ਵਿਰਲੇ ਹੀ ਲੋਕਾਂ ਦੀ ਕਿਸਮਤ ਵਿੱਚ ਆਉਂਦੀ ਹੈ। ਦੁੱਖਾਂ ਦਾ ਸਾਮ੍ਹਣਾ ਨਾ ਕਰਦੇ ਹੋਏ ਬਹੁਤੇ ਲੋਕਾਂ ਨੇ ਜ਼ਿੰਦਗੀ ਨੂੰ ਨਰਕ ਬਣਾ ਲਿਆ ਹੈ। ਅਜਿਹੇ ਲੋਕ ਫਿਰ ਜ਼ਿੰਦਗੀ ਨੂੰ ਅਨੰਦਮਈ ਬਸਰ ਹੀ ਨਹੀਂ ਕਰਦੇ, ਬੱਸ ਸਿਰਫ਼ ਕੱਟਦੇ ਹੀ ਹਨ। ਹਾਸਾ ਲੋਕਾਂ ਦੇ ਚਿਹਰਿਆਂ ਤੋਂ ਖ਼ਤਮ ਹੁੰਦਾ ਜਾ ਰਿਹਾ ਹੈ। ਇਸ ਦਾ ਬਹੁਤ ਵੱਡਾ ਕਾਰਨ ਹੈ ਪੈਸੇ ਦੀ ਦੌੜ, ਆਪਣੇ-ਆਪ ਨੂੰ ਕਿਸੇ ਨਾਲੋਂ ਘੱਟ ਨਾ ਸਮਝਣਾ, ਰਿਸ਼ਤਿਆਂ ਵਿੱਚ ਪਿਆਰ ਨਾ ਹੋਣਾ, ਦੌਲਤ, ਸ਼ੁਹਰਤ, ਬੈਂਕਾਂ ਤੋਂ ਕਰਜ਼ਾ ਚੁੱਕ ਲੈਣ ਨੂੰ ਜ਼ਿੰਦਗੀ ਦਾ ਮਕਸਦ ਮੰਨ ਲੈਣਾ। ਸਹਿਣਸ਼ੀਲਤਾ; ਨਿਮਰਤਾ, ਪ੍ਰੀਤ-ਪਿਆਰ ਲੋਕਾਂ ਵਿੱਚੋਂ ਖ਼ਤਮ ਹੁੰਦਾ ਜਾ ਰਿਹਾ ਹੈ। ਜਿੰਨਾ ਇਨਸਾਨ ਕੋਲ਼ ਹੈ, ਉਸ ਵਿੱਚ ਉਸ ਨੂੰ ਸਬਰ ਨਹੀਂ ਹੈ। ਉਸ ਨੂੰ ਇਹ ਤਾਂਘ ਰਹਿੰਦੀ ਹੈ ਕਿ ਮੈਂ



ੳ ਅ ੲ ਸ ਹ

ਕਿਸੇ ਤੋਂ ਘੱਟ ਨਾ ਰਹਾਂ, ਦੌਲਤ, ਪੈਸਾ ਇਕੱਠਾ ਕਰਨ 'ਤੇ ਲੱਗਾ ਰਹਾਂ। ਜਿਸ ਚੀਜ਼ ਨੇ ਨਾਲ਼ ਨਹੀਂ ਜਾਣਾ ਉਸ ਦੇ ਪਿੱਛੇ ਹੀ ਭੱਜ ਰਿਹਾ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਤ੍ਰਿਸ਼ਨਾ ਤਾਂ ਕਦੇ ਵੀ ਨਹੀਂ ਖ਼ਤਮ ਹੋਣੀ। ਜਿਸ ਇਨਸਾਨ ਨੂੰ ਧਰਤੀ 'ਤੇ ਰੱਬ ਨੇ ਨੇਕ ਕਮਾਈ ਕਰਨ ਲਈ ਭੇਜਿਆ ਸੀ, ਅੱਜ ਉਹ ਇਨਸਾਨ ਗੁਰਮਤਿ ਤੋਂ ਦੂਰ ਹੁੰਦਾ ਜਾ ਰਿਹਾ ਹੈ ।ਪਰਮਾਤਮਾ ਦਾ ਨਾਮ ਲੈਣ ਲਈ ਵੀ ਉਸ ਕੋਲ਼ ਸਮਾਂ ਨਹੀਂ ਹੈ।

ਹਰ ਰੋਜ਼ ਹੱਸਣ ਵਾਲ਼ਾ ਵਿਅਕਤੀ ਆਪਣੇ-ਆਪ ਨੂੰ ਖੁਸ਼ਨਸੀਬ ਲੋਕਾਂ ਵਿੱਚ ਸ਼ੁਮਾਰ ਕਰ ਲੈਂਦਾ ਹੈ। ਹਸਮੁੱਖ ਵਿਅਕਤੀ ਵੱਡੇ ਤੋਂ ਵੱਡੀ ਮੁਸੀਬਤ ਦਾ ਡਟ ਕੇ ਸਾਮ੍ਹਣਾ ਕਰਦਾ ਹੈ, ਕਿਉਂਕਿ ਉਸ ਕੋਲ਼ ਨਿਮਰਤਾ, ਪ੍ਰੀਤ, ਪਿਆਰ, ਸਬਰ, ਸਹਿਣਸ਼ੀਲਤਾ ਹੈ। ਅਜਿਹਾ ਇਨਸਾਨ ਵਰਤਮਾਨ ਵਿੱਚ ਜਿਊਂਦਾ ਹੈ। ਮਾੜੇ ਸਮੇਂ ਵਿੱਚੋਂ ਕਿਸ ਤਰ੍ਹਾਂ ਨਿਕਲ਼ਨਾ ਹੈ। ਉਸ ਕੋਲ਼ ਠਰ੍ਹੰਮਾ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ। ਸਕਾਰਾਤਮਿਕ ਸੋਚ ਦਾ ਧਾਰਨੀ ਹੁੰਦਾ ਹੈ। ਹੁਣ ਜੋ ਨਕਾਰਾਤਮਿਕ ਵਿਚਾਰਾਂ ਵਾਲ਼ਾ ਹੈ ਉਹ ਛੋਟੀ ਤੋਂ ਛੋਟੀ ਮੁਸੀਬਤ ਨੂੰ ਵੀ ਹੱਲ ਨਹੀਂ ਕਰ ਸਕਦਾ, ਕਿਉਂਕਿ ਨਾਂਹ-ਪੱਖੀ ਵਿਚਾਰ ਉਸ ਦੇ ਅੰਦਰ ਘਰ ਕਰ ਜਾਂਦੇ ਹਨ। ਚਾਹੇ ਜਿੱਥੇ ਮਰਜ਼ੀ ਖ਼ੁਸ਼ੀ ਭਰੇ ਮਾਹੌਲ ਵਿੱਚ ਉਸ ਨੂੰ ਲੈ ਕੇ ਚਲੇ ਜਾਓ, ਉਸ ਦੇ ਚਿਹਰੇ 'ਤੇ ਜੋ ਅੰਦਰੋਂ ਖ਼ੁਸ਼ੀ ਹੁੰਦੀ ਹੈ ਉਹ ਬਿਲਕੁਲ ਵੀ ਨਹੀਂ ਆਉਣੀ। ਹਮੇਸ਼ਾਂ ਉਹ ਚਿੰਤਾ ਵਿੱਚ ਡੁੱਬਿਆ ਰਹਿੰਦਾ ਹੈ। ਚਿੰਤਾ ਵਿੱਚ ਰਹਿਣ ਕਾਰਨ ਉਸ ਦੀ ਸਿਹਤ ਵੀ ਖ਼ਰਾਬ ਹੋ ਜਾਂਦੀ ਹੈ। ਅਕਸਰ ਚਿੰਤਾ ਕਰਨ ਵਾਲ਼ਾ ਇਨਸਾਨ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਂਦਾ ਹੈ। ਕੋਈ ਨਾ ਕੋਈ ਬਿਮਾਰੀ ਉਸ ਨੂੰ ਹਮੇਸ਼ਾਂ ਹੀ ਚਿੰਬੜੀ ਰਹਿੰਦੀ ਹੈ।

ਕਿਸੇ ਨੇ ਸਹੀ ਕਿਹਾ ਹੈ "ਹੱਸਦਿਆਂ ਦੇ ਘਰ ਵੱਸਦੇ" ਇਸ ਲਈ ਜਰੂਰੀ ਹੈ ਹਮੇਸ਼ਾਂ ਖਿੜ-ਖਿੜਾ ਕੇ ਹੱਸੀਏ, ਅਨੰਦ ਮੰਗਲ ਜੀਵਨ ਜਿਊਣ ਦੀ ਕੋਸ਼ਸ਼ ਕਰੀਏ। ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣੀਏ, ਇਹ ਸੋਚ ਕੇ ਚੱਲੀਏ ਕਿ ਅੱਜ ਮੇਰਾ ਆਖ਼ਰੀ ਦਿਨ ਹੈ ਇਸ ਨੂੰ ਖ਼ੁਸ਼ੀ-ਖ਼ੁਸ਼ੀ ਬਤੀਤ ਕਰੀਏ। ਜਿੰਦਗੀ ਤਾਂ ਵੈਸੇ ਹੀ ਛੋਟੀ ਹੈ, ਪਤਾ ਹੀ ਨਹੀਂ ਲੱਗਦਾ ਕਦੋਂ ਇਨਸਾਨ ਇੱਥੋਂ ਰੁਖ਼ਸਤ ਕਰ ਜਾਂਦਾ ਹੈ। ਛੋਟੀ-ਛੋਟੀ ਉਮਰ ਦੇ

ਲੋਕ ਅੱਜ ਇਸ ਸੰਸਾਰ ਤੋਂ ਜਾ ਰਹੇ ਹਨ।

ਸਵੇਰੇ ਉੱਠਦੇ ਸਾਰ ਹੀ ਪਰਮਾਤਮਾ ਦਾ ਸ਼ੁਕਰ ਕਰੋ ਕਿ ਉਸ ਨੇ ਤੁਹਾਨੂੰ ਅੱਜ ਇੱਕ ਹੋਰ ਦਿਨ ਦਿੱਤਾ ਹੈ। ਨਵਾਂ ਮੌਕਾ ਮਿਲਿਆ ਹੈ। ਉਸ ਦਿਨ ਦਾ ਪੂਰਾ ਲਾਹਾ ਲਵੋ, ਉਸ ਦਿਨ ਨੂੰ ਖ਼ੁਸ਼ੀ-ਖ਼ੁਸ਼ੀ ਬਸਰ ਕਰੋ। ਮੱਥੇ 'ਤੇ ਬਿਲਕੁਲ ਵੀ ਤਿਊੜੀ ਨਾ ਲੈ ਕੇ ਆਓ। ਜਿਸ ਦਾ ਚਿਹਰਾ ਉਦਾਸੀ ਭਰਿਆ ਹੁੰਦਾ ਹੈ, ਉਸ ਕੋਲ਼ ਤਾਂ ਕੋਈ ਖੜ੍ਹਦਾ ਵੀ ਨਹੀਂ ਹੈ। ਸਾਡੇ ਆਲੇ-ਦੁਆਲੇ ਕਿਸ ਤਰ੍ਹਾਂ ਦਾ ਮਾਹੌਲ ਹੈ ਇਹ ਸਾਡੇ ਹੱਸਣ 'ਤੇ ਨਿਰਭਰ ਕਰਦਾ ਹੈ। ਹੱਸਣ ਨਾਲ਼ ਸਰੀਰ ਦੀਆਂ ਅਨੇਕਾਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਮਾਹਰਾਂ ਦਾ ਮੰਨਣਾ ਹੈ ਕਿ ਫੇਫੜਿਆਂ ਦੀ ਕਸਰਤ ਹੋ ਜਾਂਦੀ ਹੈ। ਖੁੱਲ੍ਹ ਕੇ ਹੱਸਣ ਨਾਲ਼ ਸਾਡੇ ਸਰੀਰ ਵਿੱਚ ਊਰਜਾ ਪੈਦਾ ਹੁੰਦੀ ਹੈ। ਕਈ ਰੋਗ ਠੀਕ ਹੁੰਦੇ ਹਨ। ਹਾਰਮੋਨਜ਼, ਬੀਪੀ, ਦਿਲ ਦੇ ਦੌਰੇ ਦਾ ਖ਼ਤਰਾ ਵੀ ਘੱਟ ਜਾਂਦਾ ਹੈ। ਇੱਕ ਖੋਜ ਅਨੁਸਾਰ ਹੱਸਣ ਨਾਲ਼ ਮਾਨਸਿਕ ਤੌਰ 'ਤੇ ਸਾਨੂੰ ਸੰਤੁਸ਼ਟੀ ਮਿਲਦੀ ਹੈ।

ਪੁਰਾਣੇ ਬਜ਼ੁਰਗ ਅਕਸਰ ਜਦੋਂ ਇਕੱਠੇ ਬੈਠੇ ਹੁੰਦੇ ਸਨ, ਉਹ ਬਹੁਤ ਖੁੱਲ੍ਹ ਕੇ ਹੱਸਦੇ ਸਨ। ਉਹਨਾਂ ਦੇ ਚਿਹਰੇ 'ਤੇ ਬਹੁਤ ਰੌਣਕ ਹੁੰਦੀ ਸੀ। ਅਜੋਕਾ ਇਨਸਾਨ ਚਾਹੁੰਦਾ ਹੈ ਕਿ ਉਹ ਖ਼ੁਸ਼ ਰਹੇ, ਪਰ ਜੋ ਅੱਜ-ਕੱਲ੍ਹ ਦੇ ਹਾਲਾਤ ਹਨ ਇਨਸਾਨ ਨੂੰ ਖ਼ੁਸ਼ ਰਹਿਣ ਨਹੀਂ ਦਿੰਦੇ। ਕਿਸੇ ਦੀ ਘਰੇਲੂ ਸਮੱਸਿਆ ਹੈ ਜਾਂ ਕਿਸੇ ਨੂੰ ਕੋਈ ਆਰਥਿਕ ਸਮੱਸਿਆ ਹੈ। ਇਹ ਹੁਣ ਇਨਸਾਨ 'ਤੇ ਨਿਰਭਰ ਕਰਦਾ ਕਿ ਉਸ ਨੇ ਕਿਸ ਤਰ੍ਹਾਂ ਰਹਿਣਾ ਹੈ, ਸਾਰਾ ਦਿਨ ਉਦਾਸੀ ਭਰਿਆ ਮਨ ਇਨਸਾਨ ਨੂੰ ਖ਼ੁਸ਼ ਨਹੀਂ ਰਹਿਣ ਦਿੰਦਾ। ਅੱਜ ਦੇ ਜ਼ਮਾਨੇ ਵਿੱਚ ਹਰ ਇਨਸਾਨ ਕਿਸੇ ਨਾ ਕਿਸੇ ਸਮੱਸਿਆ ਨਾਲ਼ ਘਿਰਿਆ ਹੋਇਆ ਹੈ। ਸਮੱਸਿਆਵਾਂ ਨੇ ਤਾਂ ਚਲਦੇ ਰਹਿਣਾ ਹੈ ਪਰ ਇਹਨਾਂ ਵਿੱਚੋਂ ਕਿਸ ਤਰ੍ਹਾਂ ਨਿਕਲ਼ਨਾ ਹੈ ਇਹ ਇਨਸਾਨ ਦੇ ਉੱਪਰ ਨਿਰਭਰ ਕਰਦਾ ਹੈ। ਜਿੱਥੇ ਤੁਹਾਨੂੰ ਲੱਗਦਾ ਉੱਥੇ ਆਪਣਾ ਮਨ ਹੌਲ਼ਾ ਕਰ ਲਓ। ਸਿਆਣੇ ਕਹਿੰਦੇ ਵੀ ਹਨ ਕਿ "ਖ਼ੁਸ਼ੀ ਵੰਡਣ ਨਾਲ਼ ਵੱਧਦੀ ਹੈ ਤੇ ਦੁੱਖ ਵੰਡਣ ਨਾਲ਼ ਘੱਟਦਾ ਹੈ। ਧਾਰਮਿਕ ਥਾਂ 'ਤੇ ਜਾਓ ਜਿੱਥੇ ਤੁਹਾਨੂੰ ਸਕੂਨ ਮਿਲ਼ਦਾ ਹੈ, ਉੱਥੇ ਬਹੁਤ ਸਮਾਂ ਗੁਜ਼ਾਰ ਕੇ ਆਓ ਜੇ ਤੁਹਾਨੂੰ ਕੋਈ

ਸਮੱਸਿਆ ਹੈ। ਪਾਰਕ ਵਿੱਚ ਚਲੇ ਜਾਓ।

ਖ਼ੁਸ਼ ਰਹਿਣ ਲਈ ਹਮੇਸ਼ਾਂ ਕੋਈ ਨਾ ਕੋਈ ਜਤਨ ਜ਼ਰੂਰ ਕਰੋ। ਜਿੱਥੇ ਤੁਹਾਨੂੰ ਖ਼ੁਸ਼ੀ ਮਿਲ਼ਦੀ ਹੈ ਉਸ ਥਾਂ ’ਤੇ ਜਾਓ। ਆਪਣੇ ਆਲ਼ੇ-ਦੁਆਲ਼ੇ ਅਜਿਹਾ ਮਾਹੌਲ ਸਿਰਜੋ ਜਿਸ ਕਾਰਨ ਤੁਹਾਨੂੰ ਖ਼ੁਸ਼ੀ ਮਿਲੇ। ਜਰੂਰੀ ਨਹੀਂ ਕਿ ਵੱਡੀਆਂ ਚੀਜ਼ਾਂ ਤੋਂ ਤੁਹਾਨੂੰ ਖ਼ੁਸ਼ੀ ਮਿਲ਼ੇ, ਛੋਟੀਆਂ-ਛੋਟੀਆਂ ਚੀਜ਼ਾਂ ਵੀ ਤੁਹਾਨੂੰ ਕਈ ਵਾਰ ਬਹੁਤ ਸਕੂਨ ਦਿੰਦੀਆਂ ਹਨ। ਵੱਡੀਆਂ ਕਾਰਾਂ, ਕੋਠੀਆਂ, ਜ਼ਿਆਦਾ ਪੈਸਾ ਕਦੇ ਵੀ ਸੁੱਖ ਨਹੀਂ ਦੇ ਸਕਦਾ। ਅਕਸਰ ਘਰਾਂ ਵਿੱਚ ਗੱਲ ਹੁੰਦੀ ਹੈ ਕਿ ਅਸੀਂ ਉਸ ਥਾਂ ’ਤੇ ਜਾਣਾ ਹੈ, ਪਰ ਸਾਡੇ ਕੋਲ਼ ਪੈਸੇ ਨਹੀਂ ਹਨ ਜਦੋਂ ਪੈਸੇ ਹੋਣਗੇ, ਫਿਰ ਜਾਵਾਂਗੇ। ਇਹ ਧਾਰਨਾ ਬਿਲਕੁਲ ਵੀ ਨਾ ਬਣਾਓ। ਇਹ ਸੋਚ ਕੇ ਜ਼ਿੰਦਗੀ ਨੂੰ ਬਸਰ ਕਰੋ ਕਿ ਅੱਜ ਮੇਰਾ ਆਖ਼ਰੀ ਦਿਨ ਹੈ, ਜਿੰਨਾ ਹੋ ਸਕੇ ਉਸ ਦਿਨ ਦਾ ਅਨੰਦ ਲਓ। ਖ਼ੂਬ ਮਿਹਨਤ ਕਰੋ, ਖ਼ੂਬ ਪੈਸਾ ਕਮਾਓ। ਪਰ ਇਹ ਨਹੀਂ ਕਿ ਤੁਸੀਂ ਆਪਣੇ ਚਿਹਰੇ ’ਤੇ ਉਦਾਸੀ ਭਰਿਆ ਮਾਹੌਲ ਰੱਖੋ। ਪੈਸਾ ਸਿਰਫ਼ ਗੁਜ਼ਾਰਨ ਲਈ ਹੋਣਾ ਚਾਹੀਦਾ ਹੈ, ਏਨਾ ਵੀ ਇਸ ਦੇ ਪਿੱਛੇ ਨਾ ਭੱਜੋ, ਕਿ ਤੁਸੀਂ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲਵੋ। ਪੈਸੇ ਬਿਨਾਂ ਕੋਈ ਪੁੱਛਦਾ ਵੀ ਨਹੀਂ ਹੈ ,ਇਹ ਵੀ ਗੱਲ ਹੈ।

ਸਵੇਰੇ ਦੇਖਦੇ ਹਾਂ ਕਿ ਜਦੋਂ ਅਸੀਂ ਸੈਰ ਕਰਨ ਜਾਂਦੇ ਹਾਂ ਤਾਂ ਪਾਰਕਾਂ ਵਿੱਚ ਲੋਕ ਵਰਜਿਸ਼ ਕਰਦੇ ਹਨ। ਯੋਗਾ ਕਰਦੇ ਹਨ। ਉੱਥੇ ਹੱਸਦੇ ਹਨ। ਡਾਕਟਰਾਂ ਦਾ ਵੀ ਮੰਨਣਾ ਹੈ ਕਿ ਹੱਸਣ ਨਾਲ਼ ਬਹੁਤ ਬਿਮਾਰੀਆਂ ਤੋਂ ਨਿਜਾਤ ਮਿਲ਼ਦੀ ਹੈ। ਹੱਸਣਾ ਸਰੀਰ ਲਈ ਲਾਭਦਾਇਕ ਹੈ। ਇਹ ਇੱਕ ਤਰ੍ਹਾਂ ਨਾਲ਼ ਦਵਾਈ ਹੈ। 2005 ਤੋਂ ਮਈ ਦੇ ਪਹਿਲੇ ਐਤਵਾਰ ਨੂੰ ਵਿਸ਼ਵ ਹਾਸਾ-ਦਿਵਸ “ਮਨਾਇਆ ਜਾਂਦਾ ਹੈ। ਇਹ ਬੁੱਧੀਜੀਵੀਆਂ ਵੱਲੋਂ ਇੱਕ ਖ਼ਾਸ ਦਿਨ ਪੂਰੇ ਵਿਸ਼ਵ ਲਈ ਚੁਣਿਆ ਗਿਆ ਸੀ। ਅਕਸਰ ਟੈਲੀਵੀਜ਼ਨ ’ਤੇ ਚੁਟਕਲਿਆਂ, ਕਾਮੇਡੀ ਦੇ ਬਹੁਤ ਪ੍ਰੋਗ੍ਰਾਮ ਆਉਂਦੇ ਹਨ, ਉਹ ਵੀ ਸਾਡੇ ਲਈ ਹਸਾਉਣ ਦਾ ਕੰਮ ਕਰਦੇ ਹਨ। ਹੱਸਣਾ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੋਣਾ ਚਾਹੀਦਾ ਹੈ। ਸਾਡਾ ਹਾਸਾ ਕਦੇ ਵੀ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚਾਏ, ਇਹ ਵੀ ਧਿਆਨ ਰੱਖਣਾ ਚਾਹੀਦਾ ਹੈ। ਹਮੇਸ਼ਾਂ ਖ਼ੁਸ਼ ਰਹਿਣਾ ਚਾਹੀਦਾ ਹੈ ,ਪਿਆਰ, ਨਿਮਰਤਾ ਨਾਲ਼ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ। ਹਰ ਪਲ ਦਾ ਅਨੰਦ ਮਾਣਨਾ ਚਾਹੀਦਾ ਹੈ।



ਬਲਵਿੰਦਰ ਕੌਰ ਚੱਠਾ

# ਵਿੱਦਿਆ ਅਤੇ ਮਾਨਵੀ ਮੁੱਲ

ਸਮਾਜ ਵਿਚ ਸਿੱਖਿਆ ਦਾ ਬਹੁਤ ਵੱਡਾ ਮਹੱਤਵ ਹੈ। ਕਿਸੇ ਖਿੱਤੇ ਦੇ ਵਿਕਾਸ ਬਾਰੇ ਅਨੁਮਾਨ ਅਕਸਰ ਹੀ ਉਥੋਂ ਦੇ ਵਿੱਦਿਅਕ ਪੱਧਰ ਤੋਂ ਲਾਇਆ ਜਾਂਦਾ ਹੈ। ਪਹਿਲੇ ਸਮਿਆਂ 'ਚ ਇਹ ਮੁਹਾਵਰਾ ਸੀ ਕਿ "ਗੁਰੁ ਬਿਨਾਂ ਗਤ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ। ਹੁਣ ਇਸ ਯੁੱਗ ਵਿੱਚ ਗਿਆਨ (ਵਿੱਦਿਆ) ਬਿਨਾਂ ਨਾ ਗਤ ਹੈ ਤੇ ਨਾ ਪਤ। ਸਮਾਜ ਦੇ ਵਹਿਣ ਮੁਤਾਬਕ ਨਵੀਆਂ ਲੋੜਾਂ, ਉਮੰਗਾਂ ਕਾਰਨ ਵਿੱਦਿਅਕ ਮੁਹਾਂਦਰੇ ਦੀ ਦਾਲ, ਢਾਲ ਤੇ ਨੁਹਾਰ ਬਦਲਦੀ ਰਹੀ ਹੈ। ਪਹਿਲਾਂ ਪ੍ਰਭਾਵ ਇਹ ਸੀ ਕਿ ਜਿਸ ਨੂੰ ਅੰਗਰੇਜ਼ੀ ਨਹੀਂ ਆਉਂਦੀ, ਉਹ ਪੜ੍ਹਿਆ ਹੋ ਕੇ ਵੀ ਅਨਪੜ੍ਹ ਹੈ। ਹੁਣ ਕੰਪਿਊਟਰ-ਸਿੱਖਿਆ ਦੇ ਬਿਨਾਂ ਜੇ ਬੰਦਾ ਆਪਣੇ ਆਪ ਨੂੰ ਅਨਪੜ੍ਹ ਨਹੀਂ ਤਾਂ ਸਮੇਂ ਤੋਂ ਬੇਮੇਲ ਹੋਇਆ ਜ਼ਰੂਰ ਸਮਝਦਾ ਹੈ। ਇਹ ਰੁਝਾਨ ਅਜਿਹੀ ਤੇਜ਼ ਹਨੇਰੀ ਦੇ ਰੂਪ ਵਿੱਚ ਵਾਪਰ ਰਿਹਾ ਹੈ ਕਿ ਇਸ ਤੋਂ ਬਿਨਾਂ ਵਿਚਰਨਾ ਮੁਸ਼ਕਲ ਹੋ ਰਿਹਾ ਹੈ। ਅਸੀਂ ਤਬਦੀਲੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ। ਜਿੱਥੇ ਕਿਸੇ ਵੀ ਚੀਜ਼ ਦਾ ਇੱਕ-ਦੋ ਦਹਾਕਿਆਂ ਤੋਂ ਵੱਧ ਟਿਕਣਾ ਮੁਸ਼ਕਲ ਹੈ। ਪਹਿਲਾਂ ਅੰਗ, ਫਿਰ ਪਹੀਆ, ਫਿਰ ਇੰਜਣ, ਫਿਰ ਬਿਜਲੀ, ਫਿਰ ਕੰਪਿਊਟਰ, ਸੁਪਰ ਕੰਪਿਊਟਰ ਤੇ ਹੁਣ ਇਨਫ਼ਰਮੇਸ਼ਨ ਤਕਨਾਲੋਜੀ ਸਾਡੀ ਤਰੱਕੀ ਕਰ ਰਹੀ ਸੱਭਿਅਤਾ ਦੇ ਸਮੇਂ-ਸਮੇਂ ਸਭ ਤੋਂ ਵੱਧ ਵਿਕਸਿਤ ਸਾਧਨ ਸਨ ਅਤੇ ਹਨ। ਹੁਣ ਕੰਪਿਊਟਰ/ਸੂਚਨਾ ਤਕਨਾਲੋਜੀ ਦਾ ਯੁੱਗ ਹੈ। ਹਰ ਸਿੱਖਿਆ ਆਪਣੇ ਸ੍ਵੈ ਅਤੇ ਸਮਾਜ ਦੀ ਪਛਾਣ ਵੀ ਹੈ ਅਤੇ ਆਪਣੇ ਨਿੱਜ ਤੇ ਸਮਾਜ ਦੀ ਸੁੱਖ-ਸਹੂਲਤ

ਲਈ ਸੋਧ ਜਾਂ ਸਮਝ ਵੀ। ਵਿੱਦਿਆ, ਸਮਾਜ ਵਿੱਚ ਆਪਣੀ ਥਾਂ ਬਣਾਉਣ ਦਾ ਜ਼ਰੀਆ ਵੀ ਹੈ। ਤੁਸੀਂ ਕੀ ਹੈ? ਸਮਾਜ ਕੀ ਹੈ? ਇਸ ਦੀ ਡੋਰ ਕਿਸ ਪਾਸੇ ਵੱਲ ਹੈ? ਤੁਸੀਂ ਇਸ ਦੇ ਵਹਿਣ ਵਿੱਚ ਵਹਿਣਾ ਹੈ ਜਾਂ ਇਸ ਨੂੰ ਕੋਈ ਮੋੜ ਜਾਂ ਦਿਸ਼ਾ ਦੇਣੀ ਹੈ? ਤੁਹਾਡੀਆਂ ਆਪਣੀਆਂ ਤੇ ਸਮਾਜ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਕਿਵੇਂ ਦੀਆਂ ਹਨ। ਇਹ ਸਾਰਾ ਕੁਝ ਅੰਤਰ-ਸੰਬੰਧਿਤ ਰੂਪ ਵਿਚ ਸਾਡੀ ਸਿੱਖਿਆ ਵਿੱਚ ਹੋਵੇ। ਸਿੱਖਿਆ ਵਿੱਚ ਪੜ੍ਹਾਉਣ, ਸਮਝਾਉਣ ਤੇ ਸਿਖਾਉਣ ਦੇ ਸਾਰੇ ਪੱਧਰ ਜਾਂ ਪੜਾਅ ਹੋਣ। ਸਿੱਖਿਆ ਦਾ ਇੱਕ ਪੱਧਰ ਸਿਰਫ਼ ਸੂਚਨਾ ਜਾਂ ਜਾਣਕਾਰੀ ਦੇਣ ਵਾਲ਼ਾ ਹੈ। ਅਗਲਾ ਪੱਧਰ ਸੂਚਨਾ ਪ੍ਰਤਿ ਸਮਝ ਦੇਣ ਦਾ ਹੈ। ਇਹ ਸਮਝ ਅੱਗੇ ਸਵਾਲਾਂ ਦੇ ਰੂਪ ਵਿੱਚ ਨਵੀਆਂ ਦਿਸ਼ਾਵਾਂ ਪ੍ਰਤਿ ਅਗਵਾਈ/ਦਿਸ਼ਾ-ਨਿਰਦੇਸ਼ ਵੀ ਕਰੇ। ਸਮਾਜ ਹਮੇਸ਼ਾਂ ਸੰਵਾਦਾਂ, ਸਵਾਲਾਂ ਅਤੇ ਨਵੀਆਂ ਸੰਭਾਵਨਾਵਾਂ ਦੇ ਪੁਲ਼ ਹੇਠੋਂ ਗੁਜਰ ਕੇ ਹੀ ਵਿਕਾਸ ਵੱਲ ਵੱਧਦਾ ਹੈ। ਜਿੱਥੇ ਸੰਦੇਹ ਜਾਂ ਸਵਾਲ ਮੁੱਕ ਜਾਂਦੇ ਹਨ, ਉੱਥੋਂ ਦਲਿੱਦਰ, ਸੁਸਤੀ ਤੇ ਖੜੋਤ ਵਾਪਰ ਜਾਂਦੀ ਹੈ। ਨਵੀਂ ਸੋਚ ਅਤੇ ਨਵੀਆਂ ਨੈਤਿਕਤਾ/ਸੰਭਾਵਨਾਵਾਂ ਜਿਊਂਦੇ ਹੋਣ ਦੀਆਂ ਲਖਾਇਕ ਹਨ। ਇਸ ਵਿੱਚ ਹੀ ਰਿਸਰਚ/ਕਾਢ ਦਾ ਨਜ਼ਰੀਆ ਬਲ ਫੜਦਾ ਹੈ। ਅਜਿਹਾ ਨਜ਼ਰੀਆ ਹੀ ਸਮਾਜ ਦੀ ਗਤੀ ਨੂੰ ਨਵੀਂ ਦਿਸ਼ਾ ਦਿੰਦਾ ਹੈ। ਸਾਡੀਆਂ ਉੱਚ-ਸੰਸਥਾਵਾਂ ਦਾ ਕੰਮ ਨਿਰਾ ਪ੍ਰਾਪਤ ਗਿਆਨ ਵੰਡਣ ਦਾ ਹੀ ਨਹੀਂ, ਸਗੋਂ ਹੋਰ ਨਵਾਂ ਗਿਆਨ ਉਪਜਾਉਣਾ ਵੀ ਹੈ। ਇਸ ਨਾਲ਼ ਹੀ ਸਾਡੇ ਆਪਣੇ ਪੈਰ ਲੱਗਣਗੇ। ਨਹੀਂ ਤਾਂ ਯੂਰਪ ਜਾਂ ਪੱਛਮ ਤੱਕ ਹੀ ਗਿਆਨ ਦਾ ਖਜ਼ਾਨਾ ਸੀਮਿਤ ਰਹੇਗਾ। ਨਵੇਂ ਨਾਲ਼ ਜੁੜਨਾ ਜਾਂ ਇਸ ਨੂੰ ਅੱਗੇ ਵਰਤਾਉਣਾ ਪ੍ਰਾਪਤੀ ਵਾਲ਼ੀ ਗੱਲ ਹੈ ਪਰ ਬਾਹਰਲੇ ਦੀ ਰੋਸ਼ਨੀ ਤੇ ਫਿਰ ਅੰਦਰ ਦੀ ਸੋਝੀ ਤਹਿਤ ਅਸੀਂ ਆਪਣੇ ਗਿਆਨ-ਭੰਡਾਰ (ਰਿਸਰਚ ਵਿਭਾਗ) ਭਰਪੂਰ ਕਰੀਏ। ਸਾਡਾ ਵਤੀਰਾ ਦੋ ਤਰਜ਼ੀ ਹੋਵੇ, ਅਸੀਂ ਤੇਜ਼ ਰਫ਼ਤਾਰ ਚੱਲ ਰਹੇ ਯੁੱਗ ਨਾਲ਼ ਵੀ ਦੌੜੀਏ ਪਰ ਸਾਡੇ ਪੈਰਾਂ ਥੱਲੇ ਸਾਡੀ ਆਪਣੀ ਜ਼ਮੀਨ ਵੀ ਹੋਵੇ। ਤਕਨੀਕੀ ਜਾਂ ਪ੍ਰੋਫੈਸ਼ਨਲ ਐਜੂਕੇਸ਼ਨ ਜ਼ਰੂਰੀ ਨਹੀਂ ਕਿ ਵਿਦਿਆਰਥੀ ਨੂੰ ਤਕਨੀਕੀ ਹੁਨਰੀ ਗਿਆਨ ਦੇ ਨਾਲ਼-ਨਾਲ਼ ਮੁਕੰਮਲ ਇਨਸਾਨ ਦੀ ਬਣਾਕੇ ਅਤੇ ਸਮੁੱਚੀ ਸ਼ਖ਼ਸੀਅਤ ਦੀ ਉਸਾਰੀ ਵੀ ਹੋਵੇ। ਜੇ ਵਿਦਿਆਰਥੀ ਨੂੰ ਸਮਾਜ, ਸੱਭਿਆਚਾਰ, ਨੈਤਿਕ ਤੇ ਮਾਨਵੀ ਕਦਰਾਂ-ਕੀਮਤਾਂ ਨਾਲ਼ ਨਾ ਜੋੜਿਆ ਗਿਆ ਤਾਂ ਉਹ ਸਮਾਜ ਬਾਰੇ ਕਿਵੇਂ ਸੋਚੇਗਾ ਅਤੇ ਉਸ ਵਿਚ ਸਮਾਜਪੱਖੀ ਜਾਂ ਮਾਨਵੀ ਤੇ ਰਾਸ਼ਟਰੀ

ਰੁਚੀਆਂ ਕਿਵੇਂ ਉਡਾਰੀਆਂ ਜਾਣਗੀਆਂ? ਇਸ ਕਰਕੇ ਕੰਪਿਊਟਰ/ਇਨਫਰਮੇਸ਼ਨ ਤਕਨਾਲੋਜੀ ਨਾਲ ਜੁੜਦਿਆਂ ਹੋਇਆਂ, ਸਾਡੀ ਸੋਸ਼ਲ ਸਾਇੰਸਜ਼ ਵੱਲ ਬਿਲਕੁਲ ਪਿੱਠ ਨਾ ਹੋਵੇ। ਸਮਾਜ ਨੂੰ ਸਦਾ ਤਕਨੀਕੀ, ਮਸ਼ੀਨੀ, ਹੁਨਰੀ ਬੰਦਿਆਂ ਦੇ ਨਾਲ-ਨਾਲ ਬੁੱਧੀਜੀਵੀਆਂ, ਫ਼ਿਲਾਸਫ਼ਰਾਂ, ਵਿਚਾਰਵਾਨਾਂ ਤੇ ਸਮਾਜਿਕ ਸਿਆਣਿਆਂ ਦੀ ਲੋੜ ਰਹੀ ਹੈ। ਕੋਈ ਵੀ ਸਿੱਖਿਆ ਸਿੱਖਿਆਰਥੀ ਦੇ ਸਰਬ-ਪੱਖੀ ਵਿਕਾਸ ਤੋਂ ਵਿਰਵੀਂ ਨਹੀਂ ਹੋਣੀ ਚਾਹੀਦੀ। ਪ੍ਰੋਫ਼ੈਸ਼ਨਲ ਕੋਰਸਾਂ ਦੇ ਸਲੇਬਸਾਂ ਵਿਚ ਵੀ ਕਿਸੇ ਹੱਦ ਤੱਕ ਅੰਤਰ-ਅਨੁਸ਼ਾਸਨੀ ਪਹੁੰਚ ਜਰੂਰੀ ਹੈ। ਵਿਦਿਆਰਥੀ ਇੱਕ ਖ਼ਾਸ ਖੇਤਰ ਵਿੱਚ ਮੁਹਾਰਤ ਹਾਸਲ ਕਰਦਾ ਹੋਇਆ ਵੀ ਬਾਕੀ ਹੋਰ ਪੱਖਾਂ ਅਤੇ ਸਮਾਜ ਤੋਂ ਜਾਣੂ ਹੋਵੇ। ਡਿਗਰੀ ਅਤੇ ਨੌਕਰੀ ਦੀ ਤੀਬਰ ਇੱਛਾ ਵਿੱਚੋਂ ਸਮਾਜਿਕਤਾ ਖ਼ਾਰਜ ਨਾ ਹੋਵੇ। ਇੱਥੇ ਸਮਾਜਿਕਤਾ ਤੋਂ ਭਾਵ ਆਪਣੇ ਇਤਿਹਾਸ ਤੇ ਸੱਭਿਆਚਾਰ ਨਾਲ਼ ਜੁੜਨ ਤੋਂ ਹੈ, ਜਿਸ ਤਹਿਤ ਅਸੀਂ ਆਪਣੀ ਕਾਵਿਕ, ਮਾਨਵੀ, ਨੈਤਿਕਤਾ, ਆਦਰਸ਼ਕ ਕਦਰਾਂ ਨਾਲ਼ ਜੁੜੀਏ। ਜੇ ਬੰਦੇ ਵਿੱਚੋਂ ਬੰਦਈ ਜਾਂ ਇਨਸਾਨ ਵਿੱਚੋਂ ਇਨਸਾਨੀਅਤ ਹੀ ਗਵਾਚ ਗਈ ਤਾਂ ਫਿਰ ਅਸੀਂ ਸਮਾਜਿਕ ਪ੍ਰਾਣੀ (ਸੋਸ਼ਲ ਐਨੀਮਲ) ਹੋਣ ਦੀ ਥਾਂ ਸਿਰਫ਼ ਪ੍ਰਾਣੀ ਰਹਿ ਜਾਵਾਂਗੇ। ਸਾਡੀ ਪ੍ਰੋਫ਼ੈਸ਼ਨਲ ਐਜੂਕੇਸ਼ਨ ਰੁਜ਼ਗਾਰ ਪੱਖੀ ਹੋਣ ਦੇ ਨਾਲ਼-ਨਾਲ਼ ਸਮਾਜ-ਪੱਖੀ ਵੀ ਹੋਵੇ। ਡਿਗਰੀ ਅਤੇ ਨੌਕਰੀ ਦੀ ਸਾਂਝ ਵਿੱਚੋਂ ਸਮਾਜ ਦਾ ਇਸ਼ਤਾ ਨਾ ਟੁੱਟੇ। ਪ੍ਰਫ਼ੈਸ਼ਨਲ ਐਜੂਕੇਸ਼ਨ ਇੱਕ ਖ਼ਾਸ ਮੁਹਾਰਤ ਵੀ ਦੇਵੇ ਪਰ ਨਾਲ਼ ਆਪਣੀ ਖੇਤਰੀ ਅਤੇ ਰਾਸ਼ਟਰੀ ਸਿੱਖਿਆ ਤੋਂ ਮੁਨਕਰ ਵੀ ਨਾ ਹੋਵੇ। ਅਸੀਂ ਆਪਣੇ ਸਮਾਜ-ਸੱਭਿਆਚਾਰ ਨੂੰ ਵਿਸਾਰ ਕੇ ਸਿਰਫ਼ ਸੱਭਿਅਤਾ ਦੇ ਸੰਦ-ਸਾਧਨਾਂ ਦੇ ਵਿਕਾਸ ਤੱਕ ਹੀ ਸੀਮਤ ਨਾ ਰਹੀਏ। ਪਹਿਲਾਂ ਹੀ ਅਜਿਹੇ ਖ਼ਦਸ਼ੇ ਪੈਦਾ ਹੋ ਰਹੇ ਹਨ ਕਿ ਅਸੀਂ ਸਿਰਫ਼ ਸੱਭਿਅਤਾ ਮੁਖੀ ਹੋ ਰਹੇ ਹਾਂ। ਇੱਥੇ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸੱਭਿਅਤਾ ਤੋਂ ਭਾਵ ਰੋਜ਼ੀ-ਰੋਟੀ ਕਮਾਉਣ ਵਾਲ਼ੇ ਢੰਗ-ਤਰੀਕਿਆਂ ਜਾਂ ਸੰਦ-ਸਾਧਨਾਂ ਤੋਂ ਹੈ। ਸੱਭਿਆਚਾਰ ਤੋਂ ਭਾਵ ਸਮਾਜਿਕ ਕਦਰਾਂ-ਕੀਮਤਾਂ ਦੇ ਮੁੱਖ ਪ੍ਰਬੰਧ ਤੋਂ ਹੈ, ਜਿਸ ਮੁਤਾਬਕ ਅਸੀਂ ਸਮਾਜਿਕ ਜ਼ਿੰਦਗੀ ਜਿਉਂਦੇ ਹਾਂ। ਸਾਡੀ ਇਹ ਮਸ਼ੀਨੀ/ਉਦਯੋਗਿਕ/ਕੰਪਿਊਟਰ/ਸੁਪਰ ਕੰਪਿਊਟਰ/ਇਨਫ਼ਰਮੇਸ਼ਨ ਤਕਨਾਲੋਜੀ ਵੱਲ ਤਬਦੀਲੀ, ਵਿਕਾਸ ਦਾ ਇੱਕ ਰੂਪ ਹੀ ਤਾਂ ਹੈ, ਪਰ ਇਹ ਇਕਹਿਰੀ ਤੇ ਇਕਪਾਸੜ ਸਥਿਤੀ ਹੈ। ਇੰਞ ਜਾਪਦਾ ਹੈ ਕਿ ਅਸੀਂ ਮੁਢਲੇ

ਸਮਾਜ ਦੀ ਖ਼ਸਲਤ ਵੱਲ ਜਾ ਰਹੇ ਹਾਂ। ਸੱਭਿਅਤਾ ਦੇ ਆਦਿ ਬਿੰਦੂ ਵਿੱਚ ਮਨੁੱਖ ਦੀਆਂ ਕਿਰਿਆਵਾਂ ਸਿਰਫ਼ ਪੇਟ-ਮੁਖੀ ਹੀ ਸਨ। ਸ਼ੁਰੂ ਵਿੱਚ ਮਨੁੱਖ ਦਾ ਕੰਮ ਪੇਟ ਭਰਨਾ ਅਤੇ ਹੋਰਨਾਂ ਤੋਂ ਆਪਣੇ ਸਰੀਰ ਨੂੰ ਸੁਰੱਖਿਅਤ ਰੱਖਣਾ ਹੀ ਸੀ। ਇੱਕੀਵੀਂ ਸਦੀ ਵਿੱਚ ਵੀ ਬੰਦਾ ਸਿਰਫ਼ ਪੇਟਮੁਖੀ ਤੇ ਗਰਜ਼ਮੁਖੀ ਹੋ ਰਿਹਾ ਹੈ। ਅਸੀਂ ਲੋੜਾਂ ਨਹੀਂ, ਲਾਲਸਾਵਾਂ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਇਸ ਤਹਿਤ ਸੱਭਿਅਕ ਕਦਰਾਂ ਦਾ ਨਾਸ ਹੋ ਰਿਹਾ ਹੈ। ਸਾਡੀਆਂ ਕਲਾਤਮਿਕ, ਸਿਰਜਾਤਮਿਕ, ਮਾਨਵੀ-ਕਦਰਾਂ ਵਾਲ਼ਾ ਦੌਰ ਮੁੱਕ ਰਿਹਾ ਹੈ। ਇਸ ਕਰਕੇ ਅਜੋਕੇ ਕਿੱਤਾਮੁਖੀ, ਪੇਟਮੁਖੀ, ਨਿੱਜੀ-ਖ਼ਪਤੀ ਰੁਝਾਨ ਵਿੱਚ ਸਮਾਜਿਕਤਾ ਜਾਂ ਸਮਾਜਿਕ ਕਲਾਵਾਂ ਜਾਂ ਸੱਭਿਅਕ ਕਦਰਾਂ ਨੂੰ ਜ਼ਿੰਦਾ ਰੱਖਣ ਦੀ ਵੱਡੀ ਲੋੜ ਹੈ। ਅਸੀਂ ਪ੍ਰੋਫ਼ੈਸ਼ਨਲ ਕੋਰਸ ਪੜ੍ਹਦੇ ਹੋਏ ਨਿਰਜਿੰਦ ਤਕਨੀਕੀ ਵਸਤ ਹੀ ਨਾ ਬਣ ਜਾਈਏ। ਸਾਡੇ ਅੰਦਰ ਮਨੁੱਖਤਾ, ਸਮਾਜਿਕਤਾ ਅਤੇ ਰਾਸ਼ਟਰੀਅਤਾ ਦੇ ਮੋਹ ਦੀ ਵੀ ਕੋਈ ਤਰੰਗ ਛਿੜਦੀ ਰਹੇ। ਹਰ ਨਵੀਂ ਕਿਸਮ ਦੀ ਕਿੱਤਾਮੁਖੀ ਜਾਂ ਹੋਰ ਸਿੱਖਿਆ ਨੂੰ ਮਾਨਵੀਂ ਮੁੱਲਾਂ ਦੀ ਚਾਸ਼ਨੀ ਰਾਹੀਂ ਲਾਗੂ ਕਰਨ ਦਾ ਯਤਨ ਕਰੀਏ।

ਕਵਿਤਾ

ਚਮਨਦੀਪ ਸ਼ਰਮਾ
9501033005

## ਠੰਢ ਤੋਂ ਬਚ ਕੇ

ਬੱਚਿਓ, ਠੰਢ ਤੋਂ ਰਹਿਣਾ ਬਚ ਕੇ,
ਬੂਟ-ਜ਼ੁਰਾਬਾਂ ਨੂੰ ਰੱਖਿਓ ਕਸ ਕੇ।
ਠੰਢ ਨੇ ਦੇਖੋ ਫੜ੍ਹ ਲਈ ਰਫਤਾਰ,
ਬਚੂਗਾ ਓਹੀ ਜੋ ਹੋਊ ਸਮਝਦਾਰ।
ਸਿਰ ਉੱਤੇ ਪਹਿਣ ਕੇ ਰੱਖੋ ਟੋਪੀ,
ਉਤਾਰਨੀ ਨੀਂ ਸਾਰਾ ਦਿਨ ਕੋਟੀ।
ਬਹੁਤ ਘੱਟ ਹੋ ਗਿਆ ਹੈ ਪਾਰਾ,
ਰਜ਼ਾਈ ਦੇ ਵਿੱਚ ਬੈਠ ਜਾ ਯਾਰਾ।
ਡਾਕਟਰ ਦੀ ਜੇ ਲੱਗ ਗਈ ਸੂਈ,
ਕਰਦੇ ਫਿਰੋਗੇ ਫਿਰ ਊਈ-ਊਈ।
ਵਰਜ਼ਸ਼ ਕਰਨੀ ਨਾ ਜਾਇਓ ਭੁੱਲ,
ਸਰੀਰ ਇਸ ਨਾਲ਼ ਜਾਂਦਾ ਹੈ ਖੁੱਲ੍ਹ।
ਮੂੰਗਫਲ਼ੀ, ਅਖਰੋਟ ਰਹੋ ਚਬਾਉਂਦੇ,
ਸਾਨੂੰ ਸਰਦੀ ਕੋਲੋਂ ਇਹ ਬਚਾਉਂਦੇ।
ਏਕਵੀਰਾ ਨੂੰ ਨਹੀਂ ਲੱਗਦੀ ਸਰਦੀ,
ਹੋਰਾਂ ਵਾਂਗ ਉਹ ਫੈਸ਼ਨ ਨੀਂ ਕਰਦੀ।
ਸਾਰੀ ਸਰਦੀ ਮੋਟੇ ਕੱਪੜੇ ਹੀ ਪਾਵੇ,
ਤਾਂਹਿਓ ਠੰਢ ਉਹਦੇ ਨੇੜੇ ਨਾ ਆਵੇ।
ਬਜ਼ੁਰਗਾਂ ਕੋਲੋਂ ਸੁਣਿਆ ਕਰੋ ਬਾਤਾਂ,
ਦੇਖਿਓ ਨਿੱਘੀਆਂ ਹੋਣਗੀਆਂ ਰਾਤਾਂ।
ਗਲ਼ੀਆਂ 'ਚ ਨਾ ਕੱਢਦੇ ਫਿਰੋ ਗੇੜੇ,
ਸਲਾਨਾ ਪਰੀਖਿਆ ਆ ਗਈ ਨੇੜੇ।
'ਚਮਨ' ਠੰਢ ਦਾ ਜੇ ਲੈਣਾ ਅਨੰਦ,
ਕੁਝ ਨਿਯਮਾਂ ਦੇ ਬਸ ਰਹੋ ਪਾਬੰਦ।



# ਪਰ-ਉਪਕਾਰੀ ਮਾਤਾ–ਪਿਤਾ

**ਕੁਲਦੀਪ ਸਿੰਘ**
**7009274565**

ਇਹ ਸੱਚ ਹੈ ਕਿ ਇਸ ਸੰਸਾਰ ਵਿੱਚ ਸਭ ਤੋਂ ਵੱਡੇ ਪਰ-ਉਪਕਾਰੀ ਅਤੇ ਨਿਸ਼ਕਾਮ ਦਾਨੀ ਮਾਤਾ-ਪਿਤਾ ਹੁੰਦੇ ਹਨ। ਉਹ ਆਪਣੇ ਬੱਚਿਆਂ ਲਈ ਆਪਣੀ ਪੂਰੀ ਜ਼ਿੰਦਗੀ ਸਮਰਪਿਤ ਕਰ ਦਿੰਦੇ ਹਨ। ਜਦੋਂ ਅਸੀਂ ਛੋਟੇ ਹੁੰਦੇ ਹਾਂ ਤਾਂ ਸਾਨੂੰ ਆਪਣੇ ਮਾਤਾ–ਪਿਤਾ ਦੀ ਕੁਰਬਾਨੀ ਦਾ ਅੰਦਾਜ਼ਾ ਨਹੀਂ ਹੁੰਦਾ, ਪਰ ਜਿਵੇਂ–ਜਿਵੇਂ ਅਸੀਂ ਵੱਡੇ ਹੁੰਦੇ ਹਾਂ ਉਹ ਸਾਰੀਆਂ ਗੱਲਾਂ ਸਾਨੂੰ ਸਮਝ ਆਉਂਦੀਆਂ ਹਨ ਜੋ ਉਹ ਸਾਡੇ ਲਈ ਕਰਦੇ ਰਹੇ ਹੁੰਦੇ ਹਨ।

ਮਾਤਾ ਸਾਡੇ ਲਈ ਨੌਂ ਮਹੀਨੇ ਆਪਣੀ ਕੁੱਖ ਵਿੱਚ ਸਾਨੂੰ ਸੰਭਾਲ਼ਦੀ ਹੈ। ਉਹ ਸਾਨੂੰ ਜਨਮ ਦੇ ਕੇ ਸਿਰਫ਼ ਇਸ ਸੰਸਾਰ ਵਿੱਚ ਹੀ ਨਹੀਂ ਲਿਆਉਂਦੀ ਸਗੋਂ ਸਾਡੀ ਹਰ ਛੋਟੀ-ਵੱਡੀ ਲੋੜ ਪੂਰੀ ਕਰਦੀ ਹੈ। ਜਦੋਂ ਅਸੀਂ ਰੋਂਦੇ ਹਾਂ, ਉਹ ਸਾਨੂੰ ਗੋਦ ਵਿੱਚ ਚੁੱਕ ਕੇ ਚੁੱਪ ਕਰਾਉਂਦੀ ਹੈ। ਜਦੋਂ ਅਸੀਂ ਬਿਮਾਰ ਹੋ ਜਾਂਦੇ ਹਾਂ, ਉਹ ਸਾਰੀ ਰਾਤ ਜਾਗ ਕੇ ਸਾਡੀ ਸੇਵਾ ਕਰਦੀ ਹੈ। ਉਸ ਦੀ ਮਮਤਾ ਅਮੋਲਕ ਹੁੰਦੀ ਹੈ ਜਿਸ ਦਾ ਮੁੱਲ ਕਦੇ ਵੀ ਨਹੀਂ ਚੁਕਾਇਆ ਜਾ ਸਕਦਾ। ਇਸੇ ਤਰ੍ਹਾਂ ਪਿਤਾ ਸਾਡੇ ਲਈ ਦਿਨ–ਰਾਤ ਮਿਹਨਤ ਕਰਦਾ ਹੈ। ਉਹ ਦੁੱਖ–ਸੁੱਖ ਭੁੱਲ ਕੇ ਸਾਡੇ ਭਵਿਖ ਨੂੰ ਸੁੰਦਰ ਬਣਾਉਣ ਲਈ ਹਰ ਸੰਭਵ ਯਤਨ ਕਰਦਾ ਹੈ। ਆਪਣੇ ਸੁਫਨੇ ਛੱਡ ਕੇ ਉਹ ਸਾਡੇ ਸੁਫਨੇ ਸੱਚ ਕਰਨ ਵਿੱਚ ਲੱਗਾ ਰਹਿੰਦਾ ਹੈ। ਉਹ ਅਕਸਰ ਆਪਣੀਆਂ ਲੋੜਾਂ ਨੂੰ ਪਾਸੇ ਰੱਖ ਕੇ ਸਾਨੂੰ ਚੰਗੀ ਸਿੱਖਿਆ ਤੇ ਸੁਵਿਧਾਵਾਂ ਪ੍ਰਦਾਨ ਕਰਵਾਉਂਦਾ ਹੈ। ਪਿਤਾ ਦੀ ਮਿਹਨਤ ਚੁੱਪ ਪਰ ਬਹੁਤ ਗਹਿਰੀ ਹੁੰਦੀ ਹੈ।

ਮਾਤਾ–ਪਿਤਾ ਸਾਨੂੰ ਸਿਰਫ਼ ਪਿਆਰ ਹੀ ਨਹੀਂ ਦਿੰਦੇ ਸਗੋਂ ਸਾਨੂੰ ਜੀਵਨ ਦੇ ਉਤਾਰਾਵਾਂ-ਚੜ੍ਹਾਵਾਂ ਸੰਬੰਧੀ ਵੀ ਸ਼ਿਖਾਉਂਦੇ ਹਨ। ਉਹ ਸਾਨੂੰ

ਸੱਚ ਬੋਲਣ, ਮਿਹਨਤ ਕਰਨ, ਬਜ਼ੁਰਗਾਂ ਦੀ ਸੇਵਾ ਕਰਨ ਅਤੇ ਸਾਰਿਆਂ ਨਾਲ਼ ਪ੍ਰੇਮ ਨਾਲ਼ ਜੀਵਨ ਬਿਤਾਉਣ ਦੀ ਸਿੱਖਿਆ ਦਿੰਦੇ ਹਨ। ਉਹ ਸਾਨੂੰ ਸਹੀ ਤੇ ਗ਼ਲਤ ਦੇ ਭੇਦ-ਭਾਵ ਸਮਝਾਉਂਦੇ ਹਨ।

ਸਾਡੇ ਜੀਵਨ ਵਿੱਚ ਜਦੋਂ ਵੀ ਮੁਸ਼ਕਲ ਵੇਲ਼ਾ ਆਉਂਦਾ ਹੈ, ਸਭ ਤੋਂ ਪਹਿਲਾਂ ਮਾਤਾ-ਪਿਤਾ ਹੀ ਸਾਡੇ ਨਾਲ਼ ਖੜ੍ਹੇ ਹੁੰਦੇ ਹਨ। ਉਹ ਸਾਡੇ ਦੁੱਖ ਆਪਣੇ ਹਿਰਦੇ ਵਿੱਚ ਵਸਾ ਲੈਂਦੇ ਹਨ ਅਤੇ ਸਾਨੂੰ ਕਦੇ ਵੀ ਹਿੰਮਤ ਹਾਰਨ ਨਹੀਂ ਦਿੰਦੇ। ਉਹ ਸਾਡੀ ਸਫਲਤਾ ਵਿੱਚ ਸਭ ਤੋਂ ਵਧ ਕੇ ਖ਼ੁਸ਼ ਹੁੰਦੇ ਹਨ ਅਤੇ ਸਾਡੀ ਅਸਫਲਤਾ ਵਿੱਚ ਸਾਨੂੰ ਹੌਸਲਾ ਦਿੰਦੇ ਹਨ।

ਸਾਡਾ ਫ਼ਰਜ਼ ਹੈ ਕਿ ਅਸੀਂ ਮਾਤਾ-ਪਿਤਾ ਦੇ ਇਸ ਮਹਾਨ ਪਰਉਪਕਾਰ ਦੀ ਕਦਰ ਕਰੀਏ। ਉਹਨਾਂ ਦੀ ਆਗਿਆ ਨੂੰ ਮੰਨੀਏ, ਉਹਨਾਂ ਦੀ ਸੇਵਾ ਕਰੀਏ ਅਤੇ ਉਹਨਾਂ ਨੂੰ ਕਦੇ ਦੁੱਖ ਨਾ ਦੇਈਏ। ਜਦੋਂ ਉਹ ਬਜ਼ੁਰਗ ਹੋ ਜਾਂਦੇ ਹਨ ਤਾਂ ਸਾਡੀ ਜ਼ੁੰਮੇਵਾਰੀ ਬਣਦੀ ਹੈ ਕਿ ਅਸੀਂ ਉਹਨਾਂ ਦੀ ਸੰਭਾਲ਼ ਕਰੀਏ, ਜਿਵੇਂ ਉਹਨਾਂ ਨੇ ਬਚਪਨ ਵਿੱਚ ਸਾਡੀ ਕੀਤੀ ਸੀ।

ਮਾਤਾ-ਪਿਤਾ ਰੱਬ ਦਾ ਰੂਪ ਹਨ। ਉਹਨਾਂ ਦੀ ਸੇਵਾ ਕਰਨਾ ਸਭ ਤੋਂ ਵੱਡਾ ਧਰਮ ਹੈ। ਜੋ ਬੱਚੇ ਮਾਤਾ-ਪਿਤਾ ਦੀ ਕਦਰ ਕਰਦੇ ਹਨ, ਉਹ ਜੀਵਨ ਵਿੱਚ ਸੱਚੀ ਖ਼ੁਸ਼ੀ ਅਤੇ ਸਫਲਤਾ ਪਾਉਂਦੇ ਹਨ।

ਰਵਿੰਦਰ ਰੁਪਾਲ ਕੌਲਗੜ੍ਹ
9316288955

## ਰੁੱਖ

ਟਾਹਲੀ, ਕਿੱਕਰ, ਡੇਕ, ਡਕੋਣ।
ਥਾਂਵਾਂ ਨਾਂ ਭੁੱਖੋਂ ਖ਼ਾਲੀ ਰਹਿਣ ।

ਅਮਰੂਦ, ਅੰਬ, ਸੇਬ, ਮਾਲਟਾ।
ਫ਼ਲਾਂ, ਵਾਲ਼ੇ ਵੀ ਤੂੰ ਬੂਟੇ ਲਾ।

ਰੁੱਖ ਤਾਂ ਹਨ ਬੰਦੇ ਦਾ ਕੰਧਾ ।
ਰੁੱਖਾਂ 'ਤੇ ਹੈ ਨਿਰਭਰ ਬੰਦਾ ।

ਦਿੰਦੇ ਰਹਿਣ ਖ਼ੁਸ਼ਬੋਆਂ, ਛਾਂਵਾਂ।
ਮਨੁੱਖ ਇਹਨਾਂ ਲਈ ਕਰੇ ਦੁਆਵਾਂ।

ਉੱਗੇ ਹੋਵਣ ਜਦ ਵਿੱਚ ਕਤਾਰ।
ਧਰਤੀ ਦਾ ਬਣ ਜਾਣ ਸ਼ਿੰਗਾਰ ।

ਰੁੱਖ ਲਾਉਣ ਦੀ ਆਦਤ ਪਾਵੇ ।
'ਰੁਪਾਲ' ਇਹੋ ਹੋਕਾ ਦਿੰਦੇ ਜਾਵੋ ।



ਕ ਖ ਗ ਘ ਙ

ਲੇਖ



# ਮਹਾਂਸ਼ਿਵਰਾਤਰੀ

**ਡੇਜ਼ੀ ਰਾਣੀ**
9888871461

ਮਹਾਂਸ਼ਿਵਰਾਤਰੀ ਹਿੰਦੂ ਧਰਮ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਜੋ ਜੀਵਨ ਅਤੇ ਸੰਸਾਰ ਵਿੱਚ "ਹਨੇਰੇ ਅਤੇ ਅਗਿਆਨਤਾ" ਨੂੰ ਦੂਰ ਕਰਨ ਦੀ ਯਾਦ ਦਿਵਾਉਂਦਾ ਹੈ। ਇਹ ਸ਼ਿਵ ਨੂੰ ਯਾਦ ਕਰਕੇ, ਪ੍ਰਾਰਥਨਾਵਾਂ ਕਰਕੇ, ਵਰਤ ਰੱਖ ਕੇ ਅਤੇ ਨੈਤਿਕਤਾ ਦੇ ਗੁਣਾਂ, ਜਿਵੇਂ: ਇਮਾਨਦਾਰੀ, ਦੂਜਿਆਂ ਨੂੰ ਨੁਕਸਾਨ ਨਾ ਪਹੁੰਚਾਉਣਾ, ਦਾਨ, ਮਾਫ਼ੀ ਅਤੇ ਸ਼ਿਵ ਦੀ ਖੋਜ 'ਤੇ ਧਿਆਨ ਲਗਾ ਕੇ ਮਨਾਇਆ ਜਾਂਦਾ ਹੈ। ਉਤਸ਼ਾਹੀ ਸ਼ਰਧਾਲੂ ਰਾਤ ਭਰ ਜਾਗਦੇ ਰਹਿੰਦੇ ਹਨ। ਸ਼ਿਵ ਮੰਦਰਾਂ ਦੇ ਦਰਸ਼ਨ ਕਰਦੇ ਹਨ। ਜਯੋਤਿਰਲਿੰਗਮ ਦੀ ਯਾਤਰਾ 'ਤੇ ਜਾਂਦੇ ਹਨ। ਮੰਨਿਆ ਜਾਂਦਾ ਹੈ ਕਿ ਇਹ ਤਿਉਹਾਰ 5ਵੀਂ ਸਦੀ ਵਿੱਚ ਸ਼ੁਰੂ ਹੋਇਆ ਸੀ।

ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਵੱਖ-ਵੱਖ ਹਿੰਦੂ ਸੰਗਠਨਾਂ ਦੁਆਰਾ ਸ਼ਿਵਰਾਤਰੀ ਦੀ ਪੂਰਵ ਸੰਧਿਆ 'ਤੇ ਸ਼ੋਭਾ-ਯਾਤਰਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਤਿਉਹਾਰ ਹਿੰਦੂਆਂ ਲਈ ਇੱਕ ਅਪਾਰ ਸ਼ਰਧਾ ਵਾਲਾ ਤਿਉਹਾਰ ਹੈ। ਮਹਾਂਸ਼ਿਵਰਾਤਰੀ ਭਗਵਾਨ ਸ਼ਿਵ ਨੂੰ ਸਮਰਪਿਤ ਇੱਕ ਪ੍ਰਮੁੱਖ ਭਾਰਤੀ ਤਿਉਹਾਰ ਹੈ। ਮਹਾਂਸ਼ਿਵਰਾਤਰੀ ਮਾਘ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਚਤੁਰਦਸ਼ੀ ਨੂੰ ਮਨਾਈ ਜਾਂਦੀ ਹੈ। ਇਸ ਸਾਲ ਇਹ ਤਿਉਹਾਰ 15 ਫ਼ਰਵਰੀ ਨੂੰ ਮਨਾਇਆ ਜਾ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਸ੍ਰਿਸ਼ਟੀ ਦੀ ਸ਼ੁਰੂਆਤ ਇਸ ਦਿਨ ਹੋਈ ਸੀ। ਮਿਥਿਹਾਸ ਦੇ ਅਨੁਸਾਰ ਬ੍ਰਹਿਮੰਡ ਦੀ ਸਿਰਜਣਾ ਇਸ ਦਿਨ ਅਗਨੀਲਿੰਗ (ਭਗਵਾਨ ਸ਼ਿਵ ਦਾ ਵਿਸ਼ਾਲ ਰੂਪ) ਦੇ ਉਭਾਰ ਨਾਲ ਸ਼ੁਰੂ ਹੋਈ ਸੀ। ਇਸ ਦਿਨ ਭਗਵਾਨ ਸ਼ਿਵ ਨੇ ਦੇਵੀ ਪਾਰਵਤੀ



ਚ ਛ ਜ ਝ ਞ

ਨਾਲ਼ ਵਿਆਹ ਕੀਤਾ ਸੀ।

ਮਹਾਂਸ਼ਿਵਰਾਤਰੀ'ਤੇ ਭਗਵਾਨ ਸ਼ਿਵ ਅਤੇ ਉਹਨਾਂ ਦੀ ਪਤਨੀ ਪਾਰਵਤੀ ਦੀ ਪੂਜਾ ਕੀਤੀ ਜਾਂਦੀ ਹੈ। ਇਹ ਪੂਜਾ ਵਰਤ ਰੱਖ ਕੇ ਕੀਤੀ ਜਾਂਦੀ ਹੈ। ਹਰ ਸਾਲ ਹੋਣ ਵਾਲ਼ੀਆਂ ਬਾਰਾਂ ਸ਼ਿਵਰਾਤਰੀਆਂ ਵਿੱਚੋਂ, ਮਹਾਂਸ਼ਿਵਰਾਤਰੀ ਨੂੰ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਮਹਾਂਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਬਹੁਤ ਉਤਸ਼ਾਹ ਨਾਲ਼ ਮਨਾਇਆ ਜਾਂਦਾ ਹੈ।

ਮਹਾਂਸ਼ਿਵਰਾਤਰੀ ਉਹਨਾਂ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ ਜੋ ਅਧਿਆਤਮਿਕ ਮਾਰਗ 'ਤੇ ਚੱਲਦੇ ਹਨ। ਇਹ ਉਹਨਾਂ ਲੋਕਾਂ ਲਈ ਹੋਰ ਵੀ ਮਹੱਤਵਪੂਰਨ ਹੈ ਜੋ ਪਰਿਵਾਰਿਕ ਸਥਿਤੀਆਂ ਵਿੱਚ ਹਨ। ਪਰਿਵਾਰਿਕ ਸਥਿਤੀਆਂ ਵਿੱਚ ਰਹਿਣ ਵਾਲ਼ੇ ਲੋਕ ਮਹਾਂਸ਼ਿਵਰਾਤਰੀ ਨੂੰ ਸ਼ਿਵ ਦੇ ਵਿਆਹ ਦੀ ਵਰ੍ਹੇ-ਗੰਢ ਵਜੋਂ ਮਨਾਉਂਦੇ ਹਨ। ਸੰਸਾਰਿਕ ਇੱਛਾਵਾਂ ਵਾਲ਼ੇ ਲੋਕ ਇਸ ਦਿਨ ਨੂੰ ਸ਼ਿਵ ਦੇ ਸਾਰੇ ਦੁਸ਼ਮਣਾਂ 'ਤੇ ਜਿੱਤ ਪ੍ਰਾਪਤ ਕਰਨ ਵਾਲ਼ੇ ਦਿਨ ਵਜੋਂ ਦੇਖਦੇ ਹਨ। ਮਹਾਂਸ਼ਿਵਰਾਤਰੀ ਵਿਸ਼ਵ ਨੂੰ ਜੋੜਨ ਦਾ ਤਿਉਹਾਰ ਹੈ। ਪਹਾੜਾਂ ਦੀਆਂ ਉੱਚੀਆਂ ਚੋਟੀਆਂ ਤੋਂ ਲੈ ਕੇ ਸਮੁੰਦਰ ਤਕ ਸ਼ਾਇਦ ਹੀ ਕੋਈ ਅਜਿਹਾ ਸਥਾਨ ਹੋਵੇਗਾ ਜਿੱਥੇ ਭਗਵਾਨ ਸ਼ਿਵ ਦੀ ਮੂਰਤੀ ਸਥਾਪਿਤ ਨਾ ਕੀਤੀ ਗਈ ਹੋਵੇ। ਸ਼ਾਇਦ ਹੀ ਕੋਈ ਅਜਿਹਾ ਗ੍ਰੰਥ ਹੋਵੇਗਾ ਜਿਸ 'ਚ ਭਗਵਾਨ ਸ਼ਿਵ ਦੀ ਮਹਿਮਾ ਨਾ ਕੀਤੀ ਗਈ ਹੋਵੇ।

ਸ਼ਿਵਰਾਤਰੀ ਦੀ ਮਹਿਮਾ ਉਸ ਸਮੇਂ ਤੋਂ ਹੈ ਜਦੋਂ ਸੰਸਾਰ ਆਗਿਆਨਤਾ ਦੇ ਹਨੇਰੇ ਵਿੱਚ ਘਿਰਿਆ ਹੋਇਆ ਸੀ। ਭਰਾ-ਭਰਾ ਦੇ ਖ਼ੂਨ ਦੇ ਪਿਆਸੇ ਸਨ ਅਤੇ ਔਰਤਾਂ ਸੁਰੱਖਿਅਤ ਨਹੀ ਸਨ। ਧਰਮ ਨੇ ਅਧਰਮ ਦਾ ਰੂਪ ਧਾਰਨ ਕਰ ਲਿਆ ਸੀ। ਮਨੁੱਖੀ ਆਤਮਾਵਾਂ ਦੁੱਖੀ ਹੋ ਚੁੱਕੀਆਂ ਸਨ, ਕੋਈ ਮੁਕਤੀਦਾਤਾ ਨਜ਼ਰ ਨਹੀ ਆ ਰਿਹਾ ਸੀ, ਉਸ ਸਮੇਂ ਬ੍ਰਹਮਲੋਕ ਵਿੱਚੋਂ ਇੱਕ ਅਮਰ ਜੋਤੀ ਉੱਤਰੀ ਸੀ, ਜਿਸ ਦੇ ਪ੍ਰਕਾਸ਼ ਨੇ ਸਾਰੇ ਸੰਸਾਰ ਨੂੰ ਪ੍ਰਕਾਸ਼ਮਾਨ ਕਰ ਦਿੱਤਾ ਸੀ। ਉਸ ਪ੍ਰਕਾਸ਼ ਦਾ ਨਾਂ ਪਰਮਾਤਮਾ ਸ਼ਿਵ ਸੀ।

ਭਾਰਤ ਵਿੱਚ ਹਿੰਦੂ ਧਰਮ ਦੇ ਲੋਕ ਹੀ ਨਹੀਂ ਸਾਰੇ ਧਰਮ ਭਗਵਾਨ ਸ਼ਿਵ ਨੂੰ ਬਹੁਤ ਸਤਿਕਾਰ ਦਿੰਦੇ ਹਨ, ਬਲਕਿ ਭਾਰਤ ਤੋਂ ਬਾਹਰਲੇ ਲੋਕ ਜੋ ਹੋਰ ਧਰਮਾਂ ਨੂੰ ਮੰਨਦੇ ਹਨ ਉਹ ਵੀ ਸ਼ਿਵ ਨੂੰ ਬਹੁਤ ਸਤਿਕਾਰ ਦਿੰਦੇ ਰਹੇ ਹਨ।



**ਸੁਰਜੀਤ ਸਿੰਘ**
**99147-22933**

## ਸਾਈਕਲ ਦਾ ਸਟੈਂਡ

ਪਾਲੇ ਨੂੰ ਪਿੰਡ ਕੌਣ ਨਹੀਂ ਜਾਣਦਾ। ਪਿੰਡ ਦਾ ਸਭ ਤੋਂ ਅਮੀਰ ਬੰਦਾ ਸੀ। ਇਹ ਜ਼ਮੀਨ ਜਾਇਦਾਦ ਸ਼ਾਇਦ ਉਸ ਨੂੰ ਉਹਦੇ ਦਾਦੇ-ਪੜਦਾਦਿਆਂ ਤੋਂ ਮਿਲ਼ੀ। ਪਿੰਡ ਦਾ ਪੰਚਾਇਤੀ ਜਾਂ ਰਾਜਨੀਤਿਕ ਕੋਈ ਵੀ ਕੰਮ ਹੋਵੇ ਵਧ-ਚੜ੍ਹ ਕੇ ਹਿੱਸਾ ਲਿਆ ਕਰਦਾ। ਅੱਧਾ ਪਿੰਡ ਉਹ ਆਪਣੇ ਮਗਰ ਲਾਈ ਫਿਰਦਾ ਸੀ। ਪੜ੍ਹਿਆ ਭਾਵੇਂ ਗਿਆਰਾਂ ਹੀ ਪਰ ਫਿਰ ਵੀ ਪਿੰਡ ਦੇ ਲੋਕ ਉਸ ਦਾ ਸਤਿਕਾਰ ਕਰਦੇ। ਜੱਸਾ ਕੰਮਚੋਰ ,ਆਲਸੀ ਤੇ ਹਮੇਸ਼ਾਂ ਯੱਕੜ ਮਾਰਨ ਵਾਲ਼ਾ ਪਾਲੇ ਦਾ ਮੁੰਡਾ ਸੀ। ਪਾਲੇ ਤੇ ਉਹਦੇ ਮੁੰਡੇ ਦੀ ਹਰ ਕੋਈ ਇੱਜ਼ਤ ਕਰਦਾ। ਹਰ ਕੋਈ ਜੀ-ਜੀ ਆਖ ਕੇ ਬੁਲਾਇਆ ਕਰਦੇ। ਨਾਲ਼ੇ “ਜਿਸ ਦੀ ਕੋਠੀ ਦਾਣੇ ਉਹਦੇ ਕਮਲ਼ੇ ਵੀ ਸਿਆਣੇ”।

ਪਾਲਾ ਲਾਈ-ਲੱਗ ਤੇ ਅਮੀਰਾਂ ਦੀ ਚਮਚਾ ਗਿਰੀ ਕਰਨ ਵਾਲ਼ਾ ਸੀ। ਪਿਛਲੀਆਂ ਪੰਚਾਇਤੀ ਚੋਣਾਂ ਵਿੱਚ ਉਹ ਨੀਟੇ ਦੇ ਨਾਲ਼ ਸੀ। ਲੋਕਾਂ ਨੂੰ ਕਹਿੰਦਾ ਰਿਹਾ ਕਿ” ਆਪਾਂ ਐਤਕੀਂ ਨੀਟੇ ਨੂੰ ਜਿਤਾਉਣਾ ਐ”। ਪਿੰਡ ਦਾ ਅਮੀਰ ਹੋਣ ਕਰਕੇ ਲੋਕ ਬਥੇਰੇ ਪਿੱਛੇ ਲੱਗ ਗਏ, ਕਿਉਂਕਿ ਇੱਥੇ ਰਿਵਾਜ ਐ ਕਿ ਗ਼ਰੀਬ ਜਿੰਨਾਂ ਮਰਜ਼ੀ ਸਿਆਣਾ ਕਿਉਂ ਨਾ ਹੋਵੇ ਪਰ ਲੱਗਣਾ ਤਗੜੇ ਦੇ ਹੀ ਪਿੱਛੇ ਆ।

ਪੰਚਾਇਤੀ ਚੋਣਾਂ ਤੋਂ ਚਾਰ ਕੁ ਦਿਨ ਪਹਿਲਾਂ ਹੀ ਉਸ ਨੇ ਨੀਟੇ ਨੂੰ ਛੱਡ ਕੇ ਕਰਤਾਰੇ ਦੇ ਹੱਕ ’ਚ ਵੋਟਾਂ ਪਾਉਣ ਲਈ ਜਦੋਂ ਲੋਕਾਂ ਨੂੰ ਕਿਹਾ ਤਾਂ ਸਾਰੇ ਹੈਰਾਨ ਹੋ ਗਏ। ਅਸਲ ਵਿੱਚ ਮੰਤਰੀ ਦਾ ਖ਼ਾਸ ਬੰਦਾ ਪਾਲੇ ਨੂੰ ਮਿਲ਼ ਕੇ ਗਿਆ ਸੀ ਤੇ ਉਹਦੇ ਕਹਿਣ ’ਤੇ ਹੀ ਪਾਲੇ ਨੇ ਨੀਟੇ ਦਾ ਸਾਥ ਛੱਡ ਦਿੱਤਾ। ਪਰ ਹੱਦ ਤਾਂ ਓਦੋਂ ਹੋਈ ਜਦੋਂ ਪਾਲੇ ਨੇ ਸਾਂਢੂ ਜਿੰਦਰ ਦੇ ਕਹਿਣ ’ਤੇ ਆਪਣੇ ਪਰਿਵਾਰ ਦੀਆਂ ਸਾਰੀਆਂ ਵੋਟਾਂ ਲੱਖੇ ਨੂੰ ਪਵਾ ਦਿੱਤੀਆਂ। ਇਹਦਾ

ਪਤਾ ਵੀ ਉਦੋਂ ਲੱਗਿਆ ਜਦੋਂ ਬੰਸੇ ਨੇ ਦੱਸਿਆ "ਕਿ ਸਾਂਢੂ ਉਹਦੇ ਦੀ ਲੱਖੇ ਨਾਲ਼ ਬਣਦੀ ਸੀ ਤੇ ਲੱਖੇ ਨੇ ਹੀ ਸਾਂਢੂ ਨੂੰ ਪਿੰਡ ਸੱਦਿਆ ਸੀ"। ਹੌਲ਼ੀ- ਹੌਲ਼ੀ ਲੋਕਾਂ ਦੇ ਕੰਨਾਂ ਤੱਕ ਵੀ ਇਹ ਗੱਲ ਪਹੁੰਚ ਗਈ।

ਪਿੰਡ ਦੇ ਹਰ ਮਸਲੇ 'ਚ ਉਹ ਆਵਦੀ ਰੁਚੀ ਦਿਖਾਇਆ ਕਰਦਾ। ਕੱਲ੍ਹ ਹੀ ਸ਼ਿੰਦੇ ਦੇ ਘਰ ਲੜਾਈ ਹੋਈ ਤਾਂ ਰਾਜ਼ੀਨਾਮਾ ਕਰਵਾਉਣ ਪਹੁੰਚ ਗਿਆ। ਕਦੇ ਸ਼ਿੰਦੇ ਦੇ ਹੱਕ 'ਚ ਹੋ ਜਾਵੇ ਕਦੇ ਉਹਦੇ ਘਰਵਾਲ਼ੇ ਦੇ, ਇਹ ਤਾਂ ਭਲਾ ਹੋਵੇ ਬਚਨੇ ਦਾ ਜੀਹਨੇ ਸ਼ਿੰਦੇ ਦੇ ਹੱਕ ਦੀ ਗਲ ਕਰਦਿਆ ਉਹਨਾਂ ਦਾ ਨਬੇੜਾ ਕਰਵਾਇਆ। ਹੌਲ਼ੀ-ਹੌਲ਼ੀ ਲੋਕਾਂ ਪਾਲੇ ਦਾ ਭੇਤ ਪਾ ਲਿਆ ਸੀ। ਘਰ ਦੇ ਮਾਮਲੇ ਹੋਣ ਜਾਂ ਪੰਚਾਇਤੀ, ਲੋਕਾਂ ਨੇ ਇਹਦੀ ਸਲਾਹ ਲੈਣੀ ਹੀ ਬੰਦ ਕਰ ਦਿੱਤੀ। ਪੰਚਾਇਤੀ ਚੋਣਾਂ ਵੇਲ਼ੇ ਜੋ ਇਹਨੇ ਕੀਤਾ ਉਹ ਲੋਕ ਕਦੇ ਨਹੀਂ ਭੁੱਲਦੇ। ਦੋਗਲਪੁਣਾ ਪਾਲੇ ਦਾ ਵਧਦਾ ਜਾ ਰਿਹਾ ਸੀ ਪਰ ਕਿਸੇ ਦੀ ਹਿੰਮਤ ਨਾ ਹੋਈ ਕਿ ਉਹਨੂੰ ਕੁਝ ਕਹਿ ਸਕੇ।

ਇੱਕ ਦਿਨ ਗੁਰਦੁਆਰੇ ਦੇ ਭਾਈ ਨੇ ਸਪੀਕਰ 'ਚ ਅਵਾਜ਼ ਦਿੱਤੀ "ਕਿ ਛੱਪੜ ਦੇ ਪਾਣੀ ਦੇ ਨਿਕਾਸ ਮਾਮਲੇ 'ਤੇ ਲੋਕ ਛੱਪੜ ਕੋਲ਼ ਇਕੱਠੇ ਹੋਣ, ਨਹਿਰੀ ਮਹਿਕਮੇ ਦੇ ਅਫ਼ਸਰ ਆਏ ਨੇ"।

ਤਕਰੀਬਨ ਅੱਧਾ ਪਿੰਡ ਛੱਪੜ ਕੰਢੇ ਪਹੁੰਚ ਗਿਆ। ਪਾਣੀ ਦੇ ਨਿਕਾਸ ਲਈ ਅਫ਼ਸਰ ਨੇ ਕਿਹਾ "ਦੋ ਕੁ ਕਿਲੇ ਜਮੀਨ ਵਿੱਚ ਦੀ ਪਾਈਪ ਪਾਉਣੀ ਆ"।

ਪੰਚਾਇਤ ਉਹਨਾਂ ਦਾ ਸਹਿਯੋਗ ਕਰੇ। ਸਭ ਤੋਂ ਅੱਗੇ ਹੋ ਕੇ ਅਫ਼ਸਰ ਨੂੰ ਪਾਲਾ ਕਹਿਣ ਲੱਗਿਆ "ਜਨਾਬ ਸੁੱਚੇ ਦੀ ਪੈਲ਼ੀ ਥਾਂਈ ਪਾਈਪ ਪਾ ਲੋ, ਨਾਲ਼ੇ ਨੇੜੇ ਵੀ ਆ"। ਕੁਝ ਸਮੇਂ ਬਾਅਦ ਹੀ ਆ ਕੇ ਬਿਆਨ ਬਦਲ ਗਿਆ "ਅਖੇ ਨਹੀਂ-ਨਹੀਂ ਜਨਾਬ ! ਤੁਸੀਂ ਜੀਤੇ ਦੇ ਵਾਹਨ ਵਿੱਚ ਦੀ ਪਾ ਦਿਓ। ਜੀਤੇ ਨੇ ਕਿਹਾ ਪਾਲੇ ਬਾਈ ਰਾਮੇ ਦੀ ਜ਼ਮੀਨ ਨੇੜੇ ਆ ਉਹ ਠੀਕ ਰਹੂ ਮੇਰੇ ਤਾਂ ਨਾਲ਼ੇ ਹੈ ਵੀ ਦੋ ਕੁ ਕਿਲੇ ਆ।

ਜਨਾਬ ਤੁਸੀਂ ਰਾਮੇ ਦੀ ਪੈਲ਼ੀ ਦੇਖ ਲੋ ਨਾਲ਼ੇ ਇਹ ਛੱਪੜ ਦੇ ਨੇੜੇ। ਰਾਮਾ ਉੱਚੀ ਸਾਰੀ ਬੋਲਿਆ "ਚਾਚਾ! ਮੇਰਾ ਬਾਪੂ ਦੱਸਿਆ ਕਰਦਾ ਸੀ ਕਿ ਆਪਣੇ ਘਰ ਨਾ ਸੱਠ ਸਾਲ ਪੁਰਾਣਾ ਸਾਈਕਲ ਹੈ ਤੇ ਉਹ ਅਜੇ ਵੀ ਆਵਦੇ ਸਟੈਂਡ 'ਤੇ ਖੜ੍ਹਦਾ ਐ, ਤੇਰਾ ਤਾਂ ਚਾਚਾ ਉਹ ਵੀ ਨਹੀਂ ਹੈਗਾ"। ਏਨੀ ਗਲ ਸੁਣ ਸਾਰੇ ਦੇ ਚਿਹਰਿਆਂ 'ਤੇ ਹਾਸਾ ਆਇਆ। ਦੋ-ਚਾਰ ਨੇ ਵਾਹ- ਵਾਹ ਕਰਦਿਆਂ ਰਾਮੇ ਨੂੰ ਜੱਫੀ ਪਾਈ ਤੇ ਕਿਹਾ "ਅੱਜ ਕਿਸੇ ਨੇ ਹਿੰਮਤ ਕੀਤੀ ਆ ਬੋਲਣ ਦੀ"। ਲੋਕਾਂ 'ਚ ਉਡਿਆ ਮਜ਼ਾਕ ਦੇਖ ਕੇ ਪਾਲੇ ਨੇ ਸਕੂਟਰ ਦੀ ਕਿੱਕ ਮਾਰੀ ਤੇ ਘਰਾਂ ਨੂੰ ਚਲਦਾ ਬਣਿਆ। ਹੁਣ ਕਦੇ ਕਿਸੇ ਮਸਲੇ 'ਚ ਪਾਲੇ ਨੇ ਦਖ਼ਲਅੰਦਾਜ਼ੀ ਨਹੀ ਕੀਤੀ ਤੇ ਨਾ ਹੀ ਕੋਈ ਰਾਜਨੀਤਿਕ ਬੰਦਾ ਉਹਦੇ ਕੋਲ਼ ਆਉਂਦਾ।



**ਤਰਸੇਮ ਭੰਗੂ**

# ਹੰਕਾਰਿਆ ਸੋ ਮਾਰਿਆ

ਇੱਕ ਜੰਗਲ ਵਿੱਚ ਬਹੁਤ ਸਾਰੇ ਜੰਗਲੀ ਜੀਵ ਆਪਸ ਵਿੱਚ ਮਿਲ-ਜੁਲ ਕੇ ਰਹਿੰਦੇ ਸਨ। ਉਹਨਾ ਵਿੱਚ ਮਾਸਾਹਾਰੀ ਅਤੇ ਸ਼ਾਕਾਹਾਰੀ ਵੀ ਸਨ। ਸ਼ੇਰ ਦੇ ਇਲਾਕੇ ਵਿੱਚ ਸ਼ਾਕਾਹਾਰੀ ਜਾਨਵਰ ਡਰ ਕਰਕੇ ਬਹੁਤ ਘੱਟ ਜਾਂਦੇ ਸਨ। ਸ਼ੇਰ ਨੂੰ ਜਦੋਂ ਵੀ ਭੁੱਖ ਲੱਗਦੀ ਤਾਂ ਉਹ ਆਪਣੇ ਤੋਂ ਕਮਜ਼ੋਰ ਜਾਂ ਦੂਸਰੇ ਜਾਨਵਰਾਂ ਦੇ ਛੋਟੇ ਬੱਚਿਆਂ ਨੂੰ ਚੁੱਕ ਕੇ ਆਪਣੀ ਖੰਦਰ ਵਿੱਚ ਲੈ ਜਾਂਦਾ ਤੇ ਮਜ਼ੇ ਨਾਲ਼ ਖਾਂਦਾ। ਕਦੇ-ਕਦੇ ਵੱਡਾ ਸ਼ਿਕਾਰ ਮਾਰ ਕੇ ਮਰਜ਼ੀ ਨਾਲ਼ ਖਾ ਕੇ ਬਾਕੀ ਛੱਡ ਜਾਂਦਾ। ਬਚਿਆ ਹੋਇਆ ਸ਼ਿਕਾਰ ਦੂਸਰੇ ਮਾਸਾਹਾਰੀ ਜਾਨਵਰ ਖਾ ਲੈਂਦੇ। ਇਸ ਤਰ੍ਹਾਂ ਸ਼ੇਰ ਦੀ ਸਾਰੇ ਜੰਗਲ਼ ਵਿੱਚ ਦਹਿਸ਼ਤ ਫੈਲੀ ਹੋਈ ਸੀ। ਇੱਕ ਪਾਸੇ ਦੋ ਮੱਝਾਂ ਵੀ ਆਪਣੇ ਬੱਚਿਆਂ, ਇੱਕ ਕੱਟੀ ਅਤੇ ਕੱਟੇ ਨਾਲ਼ ਰਹਿੰਦੀਆਂ ਸਨ। ਉਹ ਆਪਣੇ ਬੱਚਿਆਂ ਨੂੰ ਹਮੇਸ਼ਾਂ ਸ਼ੇਰ ਸਮੇਤ ਦੂਸਰੇ ਖ਼ੂੰਖਾਰ ਜਾਨਵਰਾਂ ਤੋਂ ਬਚਾ ਕੇ ਰੱਖਦੀਆਂ। ਕੱਟੀ ਅਤੇ ਕੱਟਾ ਆਪਣੀਆਂ ਮਾਵਾਂ ਦਾ ਦੁੱਧ ਚੁੰਘ ਕੇ ਕਾਫ਼ੀ ਮੋਟੇ ਹੋ ਰਹੇ ਸਨ। ਮੱਝਾਂ ਦਾ ਦੁੱਧ ਚੁੰਘ ਕੇ ਰੱਜੇ ਉਹ ਚੁੰਗੀਆਂ ਭਰਦੇ ਇਧਰ-ਉਧਰ ਦੌੜਦੇ ਬੜੇ ਖੁਸ਼ ਸਨ। ਦੋਵੇਂ ਵਗਦੀ ਨਦੀ ਤੋਂ ਮੱਝਾਂ ਨਾਲ਼ ਜਾ ਕੇ ਪਾਣੀ ਵੀ ਪੀ ਆਉਂਦੇ ਤੇ ਨਹਾ ਵੀ ਲੈਂਦੇ। ਮੱਝਾਂ ਆਪਣੇ ਬੱਚਿਆਂ ਨੂੰ ਸ਼ੇਰ ਦੇ ਡਰੋਂ ਇਕੱਲਿਆਂ ਨਾ ਜਾਣ ਦੇਂਦੀਆਂ। ਇੱਕ ਦਿਨ ਕੱਟਾ ਤੇ ਕੱਟੀ ਦੁੱਧ ਚੁੰਘ ਕੇ ਦੁੜੰਗੇ ਮਾਰਦੇ ਮੱਝਾਂ ਤੋਂ ਥੋੜ੍ਹਾ ਦੂਰ ਚਲੇ ਗਏ। ਕੂਲ਼ਾ ਮਾਸ ਖਾਣ ਦੇ ਮਨਸ਼ੇ ਨਾਲ਼ ਘਾਹ ਵਿੱਚ ਘਾਤ ਲਾ ਕੇ ਬੈਠਾ ਸ਼ੇਰ ਕੱਟੀ ਉੱਤੇ ਝਪਟਿਆ ਤੇ ਕੱਟੇ ਦੇ ਸਾਹਮਣੇ ਹੀ ਕੱਟੀ ਨੂੰ ਚੁੱਕ ਕੇ ਲੈ ਗਿਆ। ਕੱਟਾ ਬੁਰੀ ਤਰ੍ਹਾਂ ਡਰ ਕੇ ਦੌੜਦਾ ਹੋਇਆ ਮੱਝਾਂ ਦੇ ਕੋਲ਼ ਆ ਗਿਆ। ਮੱਝਾਂ ਨਾਲ਼ ਏਹ ਪਹਿਲੀ ਵਾਰ ਨਹੀਂ ਸੀ ਵਾਪਰਿਆ। ਉਹਨਾਂ ਦੇ ਬੱਚੇ ਵਿਗੜੈਲ ਸ਼ੇਰ ਪਹਿਲਾਂ ਵੀ ਕਈ ਵਾਰ ਖਾ ਚੁੱਕਾ ਸੀ ਤੇ ਉਹ ਕੁਝ ਨਹੀਂ ਕਰ ਸਕੀਆਂ ਸਨ। ਉਸ ਤੋਂ ਬਾਅਦ ਕੱਟਾ ਦੋਵਾਂ ਮੱਝਾਂ ਦਾ ਦੁੱਧ ਪੀਂਦਾ ਹਰਾ ਖੱਬਲ਼ ਘਾਹ ਚੁਗਦਾ ਜਵਾਨ ਹੋ ਗਿਆ। ਉਸ ਨੂੰ ਉਸ ਦੇ ਸਾਮ੍ਹਣੇ ਛੋਟੇ ਹੁੰਦਿਆਂ ਕੱਟੀ ਨੂੰ ਚੁੱਕ ਕੇ ਲੈ ਜਾਣਾ ਕਦੇ ਭੁੱਲਿਆ ਨਹੀਂ ਸੀ। ਉਹ ਐਨਾ ਤਕੜਾ ਹੋ ਗਿਆ ਸੀ ਕਿ ਉਹ ਸ਼ੇਰ ਨਾਲ਼ ਦਸਤਪੰਜਾ ਲੈਣਾ ਲੋਚਦਾ। ਉਹ ਖੌਰੂ ਪਾਉਂਦਾ ਅੜਿੰਗਦਾ ਕਦੇ-ਕਦਾਈਂ ਸ਼ੇਰ ਦੇ ਇਲਾਕੇ ਵਿੱਚ ਵੀ ਘਾਹ ਚੁਗ ਆਉਂਦਾ।

ਇੱਕ ਦਿਨ ਸ਼ੇਰ ਦੇ ਝੋਲੀ ਚੁੱਕ ਗਿੱਦੜ ਨੇ ਘਾਹ ਚੁਗ ਰਹੇ ਹੁਣ ਝੋਟਾ ਬਣ ਚੁੱਕੇ ਕੱਟੇ ਨੂੰ ਦੂਰ ਤੋਂ ਹੀ ਕਿਹਾ, "ਭਾਅ, ਏਹ ਮੇਰੇ ਚਾਚੇ ਸ਼ੇਰ ਦਾ ਇਲਾਕਾ ਹੈ, ਏਥੋਂ ਘਾਹ ਚੁਗਣ ਦੀ ਹਿਮਾਕਤ ਨਾ ਕਰਿਆ ਕਰ, ਐਵੇਂ ਮਾਰਿਆ ਜਾਵੇਂਗਾ। ਤੂੰ ਜੰਗਲ਼ ਦੇ ਰਾਜੇ ਮੇਰੇ ਚਾਚੇ ਦੇ ਗੁੱਸੇ ਨੂੰ ਨਹੀਂ ਜਾਣਦਾ! ਉਹ ਤਾਂ ਇੱਕ ਦਿਨ ਆਖ ਰਿਹਾ ਸੀ, "ਜੰਗਲ਼ ਦੀ ਪਰਜਾ ਨੂੰ ਸੁਨੇਹਾ ਲਾ ਕੇ ਆਖੋ ਕਿ ਸ਼ਿਕਾਰ ਆਪ ਚੱਲ ਕੇ ਰਾਜੇ ਕੋਲ਼ ਆਇਆ ਕਰੇ ਨਹੀਂ ਤਾਂ ਮੈਂ ਬੁਰੀ ਕਰਾਂਗਾ।" ਝੋਟਾ ਵੀ ਤਾਅ ਖਾ ਗਿਆ। "ਗੱਲ ਸੁਣ ਓਏ, ਦੋ ਮਾਵਾਂ ਦਾ ਦੁੱਧ ਪੀਤਾ ਤੀਜਾ ਖੱਬਲ਼ ਘਾਹ, ਤੇਰੇ ਚਾਚੇ ਦੀ ਐਸੀ-ਤੈਸੀ ਉਹਨੂੰ ਆਖੀਂ ਕਿਤੇ ਆ ਕੇ ਮੱਥਾ ਤੇ ਲਾ।" ਨਾਲ਼ੇ ਤੂੰ ਐਵੇਂ ਨਾ ਸਾਨ੍ਹਾਂ ਦੇ ਭੇੜ ਵਿੱਚ ਰਗੜਿਆ ਜਾਵੀਂ, ਆਪਣੀ ਔਕਾਤ ਵਿੱਚ ਰਹੋ।" ਆਖ ਕੇ ਫਿਰ ਘਾਹ ਚੁਗਣ ਲੱਗ ਪਿਆ। ਝੋਟੇ ਵੱਲੋਂ ਦਿੱਤੇ ਜੁਆਬ ਨਾਲ਼ ਠਿੱਠ ਹੋਏ ਗਿੱਦੜ ਨੇ ਚੁਗਲਖੋਰਾਂ ਵਾਂਗ ਹੋਰ ਚਾਰ ਗੱਲਾਂ ਵਧਾਅ ਚੜ੍ਹਾਅ ਕੇ ਸ਼ੇਰ ਦੇ ਕੰਨ ਜਾ ਭਰੇ।

"ਹੱਛਾ, ਉਹਦੀ ਏਹ ਹਿਮਾਕਤ!" ਸ਼ੇਰ ਨੇ ਆਪਣੇ ਆਪੇ ਚੋਂ ਬਾਹਰ ਹੁੰਦਿਆਂ ਕਿਹਾ। ਜੰਗਲ਼ ਦੇ ਰਾਜੇ ਨੂੰ ਕੋਈ ਲਲਕਾਰੇ ਏਹ ਕਿਵੇਂ ਹੋ ਸਕਦਾ ਸੀ। ਅਗਲੇ ਦਿਨ, "ਲੈ ਫਿਰ ਭਤੀਜ, ਅੱਜ ਇਸ ਦੇ ਸ਼ਿਕਾਰ ਕਰਨ ਦਾ ਨਜ਼ਾਰਾ ਵੀ ਆਊ, ਜੇ ਏਹਨੇ ਮੱਝਾਂ ਦਾ ਦੁੱਧ ਪੀਤਾ ਹੈ ਤਾਂ ਮੈਂ ਵੀ ਸ਼ੇਰਨੀ ਦਾ ਦੁੱਧ ਚੁੰਘਿਆ ਹੈ।" ਸ਼ੇਰ ਵੀ ਫਿੱਟੇ ਝੋਟੇ ਨੂੰ ਨਿਹਾਰਦੇ ਹੋਏ ਫੁਕਰੀ ਮਾਰਦਾ ਏਹ ਭੁੱਲ ਗਿਆ ਕਿ ਕਦੇ-ਕਦੇ ਸੇਰ ਨੂੰ ਸਵਾ ਸੇਰ ਵੀ ਟੱਕਰ ਜਾਂਦਾ ਹੈ। ਸ਼ੇਰ ਨੇ ਹਮੇਸ਼ਾਂ ਵਾਂਗ ਆਪਣੇ ਧਿਆਨ ਘਾਹ ਚੁਗ ਰਹੇ ਝੋਟੇ 'ਤੇ ਝਪਟਦਿਆਂ ਦੂਜੇ ਸ਼ਿਕਾਰ ਵਾਂਗ ਧੌਣ ਦਾ ਬੁਰਕ ਭਰਨਾ ਚਾਹਿਆ। ਆਸ ਤੋਂ ਉਲਟ ਝੋਟੇ ਨੇ ਸਹਿਵਨ ਹੀ ਮੂੰਹ ਉਤਾਂਹ ਨੂੰ ਚੁੱਕਿਆ ਤਾਂ ਸ਼ੇਰ ਦੂਰ ਜਾ ਡਿੱਗਾ। ਏਹ ਸ਼ੇਰ ਦੇ ਜੀਵਨ ਦੀ ਪਹਿਲੀ ਹਾਰ ਸੀ ਜੋ ਉਸ ਦੇ ਤਿੱਖੇ ਦੰਦ ਝੋਟੇ ਦੀ ਮੋਟੀ ਅਤੇ ਨਰੋਈ ਧੌਣ ਦੇ ਚੰਮ ਵਿੱਚ ਖੁਭ ਹੀ ਨਹੀਂ ਸਕੇ। ਝੋਟਾ ਮੂੰਹ ਉਤਾਂਹ ਕਰਕੇ ਇੰਜ ਅੜਿੰਗਿਆ ਜਿਵੇਂ ਉਸ ਨੇ ਸ਼ੇਰ ਨੂੰ ਵਾਰ ਕਰਨ ਲਈ ਫਿਰ ਲਲਕਾਰਿਆ ਹੋਵੇ। ਝੋਟੇ ਨੂੰ ਮਲੂਕ ਜਿਹੀ ਕੱਟੀ ਨੂੰ ਧੌਣੋਂ ਚੁੱਕ ਕੇ ਲਿਜਾਂਦੇ ਸ਼ੇਰ ਦਾ ਦ੍ਰਿਸ਼ ਯਾਦ ਆ ਗਿਆ। ਝੋਟਾ ਹੋਰ ਗੁੱਸੇ ਵਿੱਚ ਖੌਰੂ ਪਾਉਣ ਲੱਗਾ। ਸ਼ੇਰ ਅਤੇ ਝੋਟੇ ਦੀ ਲੜਾਈ ਵਿੱਚ ਸ਼ੇਰ ਨੂੰ ਹਾਰਦਿਆਂ ਗਿੱਦੜ ਅੱਜ ਪਹਿਲੀ ਵਾਰ ਵੇਖ ਰਿਹਾ ਸੀ। ਝੋਟੇ ਨੇ ਟੱਕਰਾਂ ਮਾਰ-ਮਾਰ ਆਪਣੇ ਤਿੱਖੇ ਸਿੰਗਾਂ ਨਾਲ਼ ਸ਼ੇਰ ਨੂੰ ਲਹੂ-ਲੁਹਾਨ ਕਰ ਦਿੱਤਾ। ਸ਼ੇਰ ਵੀ ਆਖਰੀ ਸਾਹ ਤੱਕ ਲੜਦਿਆਂ ਬਹਾਦਰਾਂ ਵਾਂਗ ਹੀ ਲੜਦਾ ਅਖੀਰ ਜ਼ਖਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ। ਝੋਟੇ ਨੇ ਮੂੰਹ ਚੁੱਕ ਕੇ ਵੇਖਿਆ ਇਸ ਲੜਾਈ ਦਾ ਸੂਤਰਧਾਰ ਅੱਗ ਲਾ ਕੇ ਆਪ ਕਿਧਰੇ ਗਾਇਬ ਹੋ ਗਿਆ ਸੀ। ਜਦੋਂ ਝੋਟੇ ਨੇ ਲਹੂ ਨਾਲ਼ ਲਿਬੜੇ ਸਿੰਗਾਂ ਨਾਲ਼ ਆ ਕੇ ਆਪਣੀਆਂ ਮਾਵਾਂ ਨੂੰ ਉਸ ਵੱਲੋਂ ਸ਼ੇਰ ਨੂੰ ਮਾਰਨ ਦੀ ਖਬਰ ਦੱਸੀ ਤਾਂ ਉਹ ਬਹੁਤ ਖੁਸ਼ ਹੋਈਆਂ। ਝੋਟੇ ਨੂੰ ਪਿਆਰ ਕਰਦੀਆਂ ਦੋਵੇਂ ਇੱਕ ਅਵਾਜ਼ ਵਿੱਚ ਬੋਲੀਆਂ, "ਅੱਜ ਸਾਡੇ ਬੱਚੇ ਨੇ ਪਾਪੀ ਰਾਜੇ ਦਾ ਅੰਤ ਕਰ ਦਿੱਤਾ ਹੈ।" ਖੂਨੀ ਤੇ ਹੰਕਾਰੇ ਸ਼ੇਰ ਦੀ ਮੌਤ ਦੀ ਖਬਰ ਨਾਲ਼ ਸਾਰੇ ਜੰਗਲ਼ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਬੱਚਿਓ, ਚੁੱਪ ਕਰਕੇ ਜ਼ੁਲਮ ਸਹਿਣ ਨਾਲੋਂ ਜ਼ੁਲਮ ਦੇ ਵਿਰੁੱਧ ਡੱਟਣਾ ਚਾਹੀਦਾ ਹੈ।



ਲੇਖ

ਰਮੇਸ਼ ਬੱਗਾ ਚੋਹਲਾ

# ਸਕੂਲਾਂ ਵਿੱਚ ਲੱਗਣ ਵਾਲ਼ੀ ਬਾਲ-ਸਭਾ

ਕੋਈ ਸਮਾਂ ਸੀ ਜਦੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਵਿਦਿਆਰਥੀਆਂ ਦੇ ਮਨੋਰੰਜਨ ਦਾ ਵਕਤ ਵੀ ਨਿਰਧਾਰਿਤ ਹੋਇਆ ਕਰਦਾ ਸੀ। ਹਫ਼ਤੇ ਦੇ ਛੇਕੜਲੇ ਦਿਨ (ਜਿਹੜਾ ਕਿ ਆਮ ਤੌਰ 'ਤੇ ਸ਼ਨੀਵਾਰ ਹੁੰਦਾ ਸੀ) ਕੁਝ ਪੀਰੀਅਡ ਰਾਖਵੇਂ ਰੱਖ ਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਕਿਸੇ ਹਾਲ ਜਾਂ ਪੰਡਾਲ ਵਿੱਚ ਇਕੱਠੇ ਕਰ ਲਿਆ ਜਾਂਦਾ ਸੀ। ਇਸ ਇਕੱਠ ਨੂੰ ਬਾਲ-ਸਭਾ ਦਾ ਨਾਂ ਦਿੱਤਾ ਜਾਂਦਾ ਸੀ ਜਿਸ ਵਿਚ ਤਾਲਿਬਇਲਮਾਂ ਸਿਖਿਆਰਥੀਆਂ ਨੂੰ ਆਪਾ ਪ੍ਰਗਟਾਉਣ/ਚਮਕਾਉਣ ਦੇ ਅਵਸਰ ਪ੍ਰਾਪਤ ਹੁੰਦੇ ਸਨ। ਇਸ ਬਾਲ-ਸਭਾ ਵਿੱਚ ਸਕੂਲ ਦੇ ਅਧਿਆਪਕਾਂ ਦੀ ਨਾ ਸਿਰਫ਼ ਸਰਗਰਮ ਭਾਗੇਦਾਰੀ ਹੀ ਹੁੰਦੀ ਸੀ ਸਗੋਂ ਕੁੱਝ ਰਚਨਾਤਮਿਕ ਅਤੇ ਕਲਾਤਮਿਕ ਸੋਚ ਵਾਲ਼ੇ ਅਧਿਆਪਕਾਂ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲ਼ੇ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਵੀ ਕੀਤਾ ਜਾਂਦਾ ਸੀ। ਸਕੂਲ ਵਿੱਚ ਨਿਯਮਿਤ ਰੂਪ ਵਿੱਚ ਲਗਾਈ ਜਾਣ ਵਾਲ਼ੀ ਬਾਲ-ਸਭਾ ਜਿੱਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਪ੍ਰਚਾਵੇ ਦਾ ਸਬੱਬ ਬਣਦੀ ਸੀ, ਉੱਥੇ ਵਿਦਿਆਰਥੀਆਂ ਦੀ ਸਿਰਜਣਾਤਮਿਕ ਅਤੇ ਕਲਾਤਮਿਕ ਪਹੁੰਚ ਨੂੰ ਉਭਾਰਨ, ਨਿਖਾਰਨ ਅਤੇ ਸੰਵਾਰਨ ਵਿੱਚ ਵੀ ਵਿਸ਼ੇਸ਼ ਸਹਾਈ ਹੁੰਦੀ ਸੀ। ਇਸ ਸਭਾ ਰਾਹੀਂ ਵਿਲੱਖਣ ਪ੍ਰਤਿਭਾ ਵਾਲ਼ੇ ਵਿਦਿਅਰਥੀਆਂ ਨੂੰ ਇੱਕ ਅਜਿਹਾ ਮੰਚ ਪ੍ਰਦਾਨ ਕੀਤਾ ਜਾਂਦਾ ਸੀ ਜਿਹੜਾ ਉਹਨਾਂ ਦੇ ਆਤਮ-

ਵਿਸ਼ਵਾਸ ਵਿੱਚ ਵਾਧਾ ਕਰਕੇ ਉਹਨਾਂ ਦੁਆਰਾ ਮਿੱਥੀ ਹੋਈ ਮੰਜ਼ਲ ਦੇ ਨਜ਼ਦੀਕ ਲੈ ਜਾਂਦਾ ਸੀ।

. ਜੇਕਰ ਰਸਮੀ ਸਿੱਖਿਆ ਦੇ ਉਦੇਸ਼ ਦੀ ਗੱਲ ਕੀਤੀ ਜਾਵੇ ਤਾਂ ਉਸ ਦਾ ਉਦੇਸ਼ ਕੇਵਲ ਡਾਕਟਰ, ਇੰਜੀਨੀਅਰ, ਵਕੀਲ ਜਾਂ ਅਧਿਆਪਕ ਪੈਦਾ ਕਰਨਾ ਹੀ ਨਹੀਂ ਸਗੋਂ ਅਜਿਹੇ ਕਲਾਕਾਰ, ਸਾਹਿਤਕਾਰ ਅਤੇ ਬੁਲਾਰੇ ਪੈਦਾ ਕਰਨਾ ਵੀ ਹੈ ਜੋ ਆਪਣੀ ਅਗਾਂਹਵਧੂ ਸੋਚਣੀ, ਲੇਖਣੀ ਅਤੇ ਬੋਲਣੀ ਨਾਲ਼ ਸਾਹਿਤ, ਸਭਿਆਚਾਰ ਅਤੇ ਸਮਾਜ ਨੂੰ ਅਮੀਰ ਬਣਾ ਸਕਣ। ਕਾਫ਼ੀ ਹੱਦ ਤੱਕ ਇਹ ਅਮੀਰੀ ਵੀ ਸਕੂਲ ਦੀ ਬਾਲ-ਸਭਾ ਦੀ ਹੀ ਦੇਣ ਰਹੀ ਹੈ। ਜਦੋਂ ਕਦੇ ਸਥਾਪਿਤ/ ਕਾਮਯਾਬ ਕਲਾਕਾਰਾਂ ਵਿਸ਼ੇਸ਼ ਕਰਕੇ ਗਾਇਕਾਂ ਜਾਂ ਅਭਿਨੇਤਾਵਾਂ ਨਾਲ਼ ਮੁਲਾਕਾਤ ਕੀਤੀ ਜਾਂਦੀ ਹੈ ਤਾਂ ਉਹ ਵੀ ਆਪਣੀ ਸਥਾਪਤੀ/ਕਾਮਯਾਬੀ ਦਾ ਬਹੁਤਾ ਸਿਹਰਾ ਪੜ੍ਹਾਈ ਦੌਰਾਨ ਸਕੂਲ ਵਿੱਚ ਲੱਗਣ ਵਾਲ਼ੀ ਬਾਲ-ਸਭਾ ਨੂੰ ਹੀ ਦਿੰਦੇ ਹਨ।

. ਸਕੂਲ ਦੁਆਰਾ ਨਿਯਮਿਤ ਰੂਪ ਵਿੱਚ ਕੀਤੀ ਜਾਣ ਵਾਲ਼ੀ ਬਾਲ-ਸਭਾ ਜਿੱਥੇ ਵਿਦਿਆਰਥੀ ਨੂੰ ਆਪਣਿਆਂ ਵਿੱਚ ਆਪਣੀ ਗੱਲ ਕਹਿ ਕੇ ਮਾਣ ਮਹਿਸੂਸ ਕਰਵਾਉਂਦੀ ਸੀ ਉੱਥੇ ਉਹਨਾਂ ਨੂੰ ਸਮੇਂ ਦਾ ਹਾਣੀ ਬਣਾ ਕੇ ਬਿਗਾਨਿਆਂ (ਬਾਹਰਲੇ ਵਿਸ਼ਾਲ ਇਕੱਠਾਂ) ਦੇ ਸਨਮੁਖ ਹੋਣ ਦੇ ਸਮਰੱਥ ਵੀ ਬਣਾਉਂਦੀ ਸੀ।ਇਸ ਸਭਾ ਵਿੱਚ ਹੀ ਪਹਿਲਾਂ ਸਕੂਲ ਦੇ ਗੁਣਵਾਨ ਬੱਚਿਆਂ ਨੂੰ ਤਲਾਸ਼ਿਆ ਜਾਂਦਾ ਸੀ ਅਤੇ ਇਸ ਤਲਾਸ਼ੀ ਤੋਂ ਬਾਅਦ ਯੋਗ ਅਧਿਆਪਕਾਂ ਦੁਆਰਾ ਤਰਾਸ਼ਿਆ ਜਾਂਦਾ ਸੀ।ਇਸ ਤਰ੍ਹਾਂ ਸਕੂਲ-ਸਭਾਵਾਂ ਵਿੱਚੋਂ ਤਲਾਸ਼ੇ ਅਤੇ ਅਧਿਆਪਕਾਂ ਦੁਆਰੇ ਤਰਾਸ਼ੇ ਵਿਦਿਆਰਥੀ ਜ਼ਿੰਦਗੀ ਵਿੱਚ ਕਈ ਵੱਡ-ਅਕਾਰੀਆਂ ਅਤੇ ਨਿਆਰੀਆਂ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਸਨ।

. ਸਕੂਲ ਦੀ ਬਾਲ-ਸਭਾ ਦਾ ਇੱਕ ਹਾਸਲ ਇਹ ਵੀ ਰਿਹਾ ਹੈ ਕਿ ਇਹ ਵਿਦਿਆਰਥੀਆਂ ਵਿਚਲੀ ਹਫ਼ਤਾ ਭਰ (ਜੋ ਅਕਸਰ ਬੋਝਲ ਅਤੇ ਔਖੇ ਪਾਠ-ਕ੍ਰਮ ਕਰਕੇ ਪੈਦਾ ਹੁੰਦੀ ਹੈ) ਦੀ ਉਕਤਾਹਟ ਨੂੰ ਕੁਝ ਸਮੇਂ ਲਈ ਰੋਚਕ ਅਤੇ ਹੁਸੀਨ ਪਲਾਂ ਵਿੱਚ ਬਦਲ ਦਿੰਦੀ ਸੀ। ਇਸ ਸਭਾ ਵਿੱਚ ਹਾਜ਼ਰੀ ਭਰਕੇ ਸਕੂਲ ਦੇ ਪਾੜ੍ਹੇ-ਪਾੜ੍ਹੀਆਂ ਆਪਣੇ ਆਪ ਨੂੰ ਤਰੋ-ਤਾਜ਼ਾ ਮਹਿਸੂਸ ਕਰਦੇ ਸਨ। ਇਹ ਤਾਜ਼ਗੀ ਉਹਨਾਂ ਨੂੰ ਅਗਲੇ

ਹਫ਼ਤੇ ਲੱਗਣ ਵਾਲ਼ੀਆਂ ਜਮਾਤਾਂ ਵਿੱਚ ਗਿਆਨ-ਵਿਗਿਆਨ ਦੀਆਂ ਗੱਲਾਂ ਨੂੰ ਸੁਣਨ ਅਤੇ ਸਮਝਣ ਲਈ ਊਰਜਾ ਪ੍ਰਦਾਨ ਕਰਦੀ ਸੀ। ਇਸ ਊਰਜਾ ਦੀ ਬਦੌਲਤ ਹੀ ਉਹ ਵਿਦਿਆ ਨੂੰ ਵੀਚਾਰਨ ਅਤੇ ਪਰਉਪਕਾਰਨ ਲਈ ਤੱਤਪਰ ਰਹਿੰਦੇ ਸਨ।

. ਸਕੂਲ ਦੀ ਬਾਲ-ਸਭਾ ਵਿਦਿਆਰਥੀ-ਵਰਗ ਨੂੰ ਇੱਕ ਅਪਣੱਤਮਈ ਮਾਹੌਲ ਪ੍ਰਦਾਨ ਕਰਦੀ ਸੀ ਜਿਹੜਾ ਉਹਨਾਂ ਦੇ ਬਿਆਨਾਤਮਿਕ ਅਤੇ ਪ੍ਰਦਰਸ਼ਨਾਤਮਿਕ ਪੱਖ ਨੂੰ ਮਜ਼ਬੂਤ ਕਰਦਾ ਸੀ। ਇਹ ਪੱਖ ਜਿੱਥੇ ਉਹਨਾਂ ਦੇ ਸਤਿਕਾਰ ਵਿੱਚ ਵਾਧਾ ਕਰਦਾ ਸੀ ਉੱਥੇ ਉਹਨਾਂ ਦੀ ਪਛਾਣ ਨੂੰ ਵੀ ਅਡ ਦਿਖ ਦਿੰਦਾ ਸੀ। ਇਸ ਅੱਡਰੀ ਪਛਾਣ ਸਦਕਾ ਹੀ ਉਹ ਸਕੂਲ ਵੱਲੋਂ ਦਿੱਤੀਆਂ ਜਾਂਦੀਆਂ ਕਈ ਰਿਆਇਤਾਂ/ ਸਹੂਲਤਾਂ ਦੇ ਭਾਗੀਦਾਰ ਵੀ ਬਣ ਜਾਂਦੇ ਸਨ।

. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਏ ਜਾਂਦੇ ਵਿੱਦਿਅਕ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲ਼ੇ ਵਿਦਿਆਰਥੀ ਵੀ ਆਮ ਤੌਰ 'ਤੇ ਸਕੂਲ ਵਿੱਚ ਲਗਾਤਾਰਤਾ ਨਾਲ਼ ਲਗਾਈ ਜਾਣ ਵਾਲ਼ੀ ਬਾਲ-ਸਭਾ ਦੀ ਹੀ ਪੈਦਾਵਾਰ ਹੁੰਦੇ ਸਨ ਜੋ ਇਹਨਾਂ ਮੁਕਾਬਲਿਆਂ ਵਿੱਚ ਆਪਣੀਆਂ ਬੇਹਤਰੀਨ ਪੇਸ਼ਕਾਰੀਆਂ ਲਈ ਮਾਨ-ਸਨਮਾਨ ਹਾਸਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਮ ਰੋਸ਼ਨ ਕਰਦੇ ਸਨ। ਇਸ ਸਭਾ ਵਿੱਚੋਂ ਲੱਗੀ ਹੋਈ ਜਾਗ ਹੀ ਵਿਦਿਆਰਥੀਆਂ ਨੂੰ ਮਹਾਂਵਿਦਿਆਲਿਆਂ ਅਤੇ ਵਿਸ਼ਵ-ਵਿਦਿਆਲਿਆਂ ਦੇ ਯੁਵਕ-ਮੇਲਿਆਂ ਵਿੱਚ ਸ਼ਲਾਘਾਯੋਗ ਭੂਮਿਕਾ ਅਦਾ ਕਰਨ ਦੇ ਕਾਬਲ ਬਣਾ ਦਿੰਦੀ ਸੀ ਅਤੇ ਉਹ ਟਰਾਫੀਆਂ,ਸ਼ੀਲਡਾਂ ਅਤੇ ਗੋਲਡ ਮੈਡਲਾਂ ਨਾਲ਼ ਨਿਵਾਜ਼ੇ ਜਾਂਦੇ ਸਨ।

ਅਜੋਕੇ ਸਮੇਂ ਸਕੂਲਾਂ (ਵਿਸ਼ੇਸ਼ ਕਰਕੇ ਸਰਕਾਰੀ) ਵਿੱਚ ਬਾਲ-ਸਭਾ ਦਾ ਰਿਵਾਜ ਬਿਲਕੁਲ ਖ਼ਤਮ ਹੋ ਕੇ ਰਹਿ ਗਿਆ ਹੈ। ਹੁਣ ਸਕੂਲ ਦੀ ਸਮਾਂ-ਸਾਰਨੀ ਵਿੱਚ ਇਸ ਸਭਾ ਦੀ ਕੋਈ ਵਿਸ਼ੇਸ਼ ਵਿਵਸਥਾ ਨਹੀਂ ਕੀਤੀ ਜਾਂਦੀ। ਅਧਿਆਪਕ ਗ਼ੈਰਵਿੱਦਿਅਕ ਕੰਮਾਂ ਦੇ ਬੋਝ ਥੱਲੇ ਦੱਬੇ ਹੋਏ ਹਨ ਅਤੇ ਵਿਦਿਆਰਥੀ ਨਵੀਂ ਟੈਕਨਾਲੋਜੀ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਇਸ ਤਰ੍ਹਾਂ ਦੇ ਅਣਸੁਖਾਵੇਂ ਅਤੇ ਘੁੱਟਵੇਂ ਮਾਹੌਲ ਵਿੱਚ ਭਲਾ ਕੋਈ ਸਕੂਲ ਕਲਾਕਾਰ,ਨਾਟਕਕਾਰ ਅਤੇ ਸਾਹਿਤਕਾਰ ਕਿਵੇਂ ਪੈਦਾ ਕਰ ਸਕਦਾ ਹੈ?

ਲੇਖ



**ਲੋਕਨਾਥ ਸ਼ਰਮਾ**
9417176877

# ਅਨਮੋਲ ਸੁਨੇਹੇ ਤੇ ਸੰਕਲਪ

ਨਿਰਸੰਦੇਹ, ਹਰ ਦਿਨ ਨਵਾਂ ਸਾਲ ਹੁੰਦੈ। ਇਹ ਸੰਸਾਰ ਨਿਰੰਤਰ ਪਰਿਵਰਤਨਸ਼ੀਲ ਹੈ। ਯਕੀਨਨ, ਹਰ ਬਦਲਾਅ ਨਵੇਂ ਮੌਕੇ ਜ਼ਰੂਰ ਲੈ ਕੇ ਆਉਂਦਾ ਹੈ। ਕਾਸ਼! ਇਹ ਤਬਦੀਲੀ ਸਰਬ-ਹਿਤਕਾਰੀ ਤੇ ਸਰਬ-ਕਲਿਆਣਕਾਰੀ ਹੋਵੇ। 2025 ਦੀ ਆਖ਼ਰੀ ਰਾਤ ਨੂੰ ਆਖ਼ਰੀ ਸਲਾਮ ਤੇ ਪਿਆਰ ਭਰੀ ਅਲਵਿਦਾ ਤੇ 2026 ਦੀ ਪ੍ਰਭਾਤ ਨੂੰ ਖੁਸ਼ ਆਮਦੀਦ, 'ਜੀ ਆਇਆ ਨੂੰ' ਨਵੇਂ ਵਰ੍ਹੇ ਦਾ ਸੁਆਗਤ। ਕੁੱਲ ਲੋਕਾਈ ਲਈ ਸ਼ੁੱਭ-ਸ਼ੁੱਭ ਲੋਚਣਾ, ਬਿਹਤਰੀ ਲਈ ਕਾਮਨਾ, ਹਰ ਸ਼ੁੱਭਚਿੰਤਕ ਦਾ ਪੈਗ਼ਾਮ ਹੈ।

ਅਜੋਕੀ ਦੁਨੀਆਂ ਦਾ ਸਭ ਤੋਂ ਵੱਡਾ, ਗੰਭੀਰ ਅਤੇ ਉੱਭਰਵਾਂ ਸਵਾਲ ਹੈ-ਕੀ ਅੰਤਰਰਾਸ਼ਟਰੀ ਮੰਚ ਤੇ ਅਮਨ-ਸ਼ਾਂਤੀ ਨੂੰ ਦਰਪੇਸ਼ ਖ਼ਤਰੇ ਵਿੱਚ ਮਨੁੱਖ ਮਾਤਰ ਦੀ ਹੋਂਦ ਬਰਕਰਾਰ ਰਹੇਗੀ ਵੀ ਕਿ ਨਹੀਂ? ਸੰਸਾਰ ਬਾਰੂਦ ਦੇ ਢੇਰ 'ਤੇ ਬੈਠਾ ਹੈ, ਇੱਕ ਪਲੀਤੇ ਨਾਲ਼, ਅੱਖ ਦੇ ਇੱਕ ਝਪਕੇ ਵਿੱਚ ਨਾ ਰਹੇਗਾ ਬਾਂਸ, ਨਾ ਬਜੇਗੀ ਬਾਂਸੁਰੀ। ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਸੁੱਟੇ, ਐਟਮੀ ਬੰਬਾਂ ਦੁਆਰਾ ਕੀਤੀ ਤਬਾਹੀ ਨੂੰ ਯਾਦ ਕਰਕੇ ਅੱਜ ਵੀ ਕਾਂਬਾ ਛਿੜਦਾ ਹੈ। ਭਾਰਤ ਦੇਸ ਤਾਂ ਪੰਚਸ਼ੀਲ ਦਾ ਘਾੜਾ ਹੈ, ਅਮਨਾਂ ਦਾ ਵਣਜਾਰਾ ਹੈ, ਸੰਸਾਰ ਦਾ ਅਧਿਆਤਮਿਕ ਗੁਰੂ ਹੈ। ਪਹਿਲਾਂ ਕਦੇ ਕਿਸੇ ਨੂੰ ਕੁਝ ਨਹੀਂ ਕਹਿੰਦਾ, ਪ੍ਰੰਤੂ ਛੇੜਖਾਨੀ ਕਰਨ ਵਾਲ਼ੇ ਨੂੰ ਛੱਡਦਾ ਨਹੀਂ। ਪਰਮਾਤਮਾ ਸਭਨਾਂ ਨੂੰ, ਖ਼ਾਸ ਤੌਰ 'ਤੇ ਆਂਢੀਆਂ-ਗੁਆਂਢੀਆਂ ਨੂੰ ਸੁਮੱਤ ਬਖ਼ਸ਼ੇ ਕਿ ਉਹ ਕਦੇ ਭੁੱਲ ਕੇ ਵੀ ਪੰਗਾ ਲੈਣ ਦੀ ਗੁਸਤਾਖ਼ੀ ਨਾ ਕਰ ਬੈਠਣ। ਕੁੱਲ ਦੁਨੀਆਂ ਨੂੰ ਸਾਡੇ ਵੱਲੋਂ ਖੁੱਲ੍ਹਮ-ਖੁੱਲ੍ਹਾ ਅਤੇ ਨਿਮਰ ਸੰਦੇਸ ਹੈ।

ਦਰਅਸਲ, ਭਲਾਈ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਵੱਧ ਤੋਂ ਵੱਧ ਲੋਕਾਂ ਦਾ ਵੱਧ ਤੋਂ ਵੱਧ ਕਲਿਆਣ ਹੋਵੇ। ਮੇਰਾ ਧਿਆਨ ਵੱਧ ਤੋਂ ਵੱਧ ਲੋਕਾਂ ਨਾਲ਼ ਸਬੰਧਿਤ ਛੋਟੀਆਂ ਜਾਪਣ ਵਾਲ਼ੀਆਂ ਉਹਨਾਂ ਸਮੱਸਿਆਵਾਂ ਵੱਲ ਜਾਂਦਾ ਹੈ, ਜਿਨ੍ਹਾਂ ਦਾ ਪ੍ਰਭਾਵ

ਪਹਾੜ ਜਿੰਨਾ ਉੱਚਾ ਤੇ ਸਮੁੰਦਰ ਜਿੰਨਾ ਵਿਸ਼ਾਲ ਹੈ। ਉਹਨਾਂ ਵਿੱਚ ਸ਼ਾਮਲ ਹਨ ਸੋਸ਼ਲ ਮੀਡੀਆ ਵਿੱਚ ਖੋਏ ਹੋਏ ਤੇ ਇਸ ਨੂੰ ਚੌਥੀ ਮੁਢਲੀ ਲੋੜ ਸਮਝਣ ਵਾਲ਼ੇ ਲੋਕ। ਜਿੱਧਰ ਦੇਖੂੰ, ਉੱਧਰ ਤੁੰਮ ਹੋ' ਦਰਸ਼ਨ ਹੋਣਗੇ, ਮੋਬਾਈਲ ਮਹਾਰਾਜ ਤੇ ਸੋਸ਼ਲ ਮੀਡੀਆਂ ਦੇ। ਸਚਾਈ ਵੱਲ ਧਿਆਨ ਦੇਣਾ, "ਮੋਬਾਈਲ ਕੇ ਸਾਥ ਹੀ ਆਜ ਕੱਲ੍ਹ ਜਿੰਦਗੀ ਕੀ ਸੁਬਹਾ ਔਰ ਸ਼ਾਮ ਹੋਤੀ ਹੈ, ਸੜਕ ਪਰ ਹੀ ਫ਼ੋਨ ਮੇਂ ਉਲਝਨੇ ਵਾਲੋਂ ਕੀ ਜ਼ਿੰਦਗੀ ਵਹੀਂ ਤਮਾਮ ਹੋਤੀ ਹੈ।" ਮੰਨਿਆ ਕਿ ਸੋਸ਼ਲ ਮੀਡੀਆ ਨੇ ਮਨੁੱਖ ਨੂੰ ਪੂਰੇ ਵਿਸ਼ਵ ਨਾਲ਼ ਜੋੜ ਦਿੱਤਾ ਹੈ। ਅੱਜ ਸਾਰਾ ਸੰਸਾਰ ਮਨੁੱਖ ਦੀ ਜੇਬ ਵਿੱਚ ਨਹੀਂ, ਮੁੱਠੀ ਵਿੱਚ ਹੈ। ਦੁਨੀਆ ਭਰ ਦੀ ਸਮੁੱਚੀ ਜਾਣਕਾਰੀ ਸਕਿੰਟਾਂ ਵਿੱਚ ਹਾਜ਼ਰ ਹੈ। ਸਾਨੂੰ ਹਰ ਹਾਲ ਵਿੱਚ ਜ਼ਮਾਨੇ ਦੇ ਹਾਣ ਦਾ ਹੋ ਕੇ ਇਸ ਨਾਲ਼ ਤੁਰਨਾ ਪਵੇਗਾ, ਵਰਨਾ ਅਸੀਂ ਪਿੱਛੇ ਰਹਿ ਜਾਵਾਂਗੇ। ਮੋਬਾਈਲ ਦੀ ਬਦੌਲਤ ਮਨੁੱਖ ਨੇ ਚੰਨ ਦੀ ਸੈਰ, ਧਰਤੀ ਤੇ ਸਮੁੰਦਰ ਦੀ ਸੈਰ ਤਾਂ ਕਰ ਲਈ ਹੈ, ਪਰੰਤੂ ਇੱਕ ਨੇਕ ਇਨਸਾਨ ਵਾਂਗ ਰਹਿਣਾ ਅਜੇ ਤੱਕ ਨਹੀਂ ਸਿੱਖਿਆ। ਮਨੁੱਖ ਮੋਬਾਈਲ ਵਿੱਚ ਏਨਾ ਗ਼ੁਲਤਾਨ ਹੋ ਗਿਆ ਕਿ ਉਹ ਭੀੜ ਵਿੱਚ ਵੀ ਇਕੱਲਾ ਹੈ। ਉਸ ਕੋਲ਼ ਦੁੱਖ-ਸੁੱਖ ਸਾਂਝੇ ਕਰਨ ਦਾ ਵਕਤ ਨਹੀਂ ਹੈ। ਉਸ ਨੂੰ ਮਾਨਸਿਕ ਰੋਗਾਂ ਨੇ ਘੇਰ ਲਿਆ ਹੈ। ਇਸ ਅਣਲੁੜੀਂਦੀ ਮਸਤੀ ਅਤੇ ਇੱਕਲੇਪਣ ਨੇ ਉਸ ਨੂੰ ਆਤਮ-ਹੱਤਿਆ ਦੇ ਰਸਤੇ ਤੋਰ ਦਿੱਤਾ ਹੈ।

ਕਿੱਡਾ ਹਾਸੋਹੀਣਾ, ਘਟੀਆ ਤੇ ਅਨੈਤਿਕ ਦ੍ਰਿਸ਼ ਦ੍ਰਿਸ਼ਟੀਗੋਚਰ ਹੈ। ਨਹਿਰ ਵਿੱਚ ਡੁੱਬ ਰਹੇ ਬੰਦੇ ਨੂੰ ਬਚਾਉਣ ਦੀ ਬਜਾਏ ਵੀਡੀਓ ਬਣਾਈ ਜਾ ਰਹੀ ਹੈ। ਤਿੰਨ ਕੁ ਸਾਲ ਦੇ ਰੋਂਦੇ ਬੱਚੇ ਦੀ ਜ਼ਿੱਦ ਪੂਰੀ ਕਰਨ ਲਈ ਚੁੰਘਣੀ ਜਾਂ ਖਿਡੌਣਾ ਦੇਣ ਦੀ ਥਾਂ ਮੋਬਾਈਲ ਦੇ ਕੇ ਚੁੱਪ ਕਰਵਾਇਆ ਜਾ ਰਿਹੈ। ਪੱਚੀ-ਤੀਹ ਸਾਲ ਤੱਕ ਅੱਪੜ ਕੇ ਬੱਚੇ ਦੀਆਂ ਅੱਖਾਂ ਦਾ ਅਤੇ ਮਸ਼ੀਨ ਸੰਗ ਮਸ਼ੀਨ ਬਣੇ ਮਨੁੱਖ ਦਾ ਕੀ ਬਣੂ? ਸੱਚੇ ਪਾਤਸ਼ਾਹ ਵਾਹਿਗੁਰੂ ਹੀ ਜਾਣੇ।

ਇੱਕ ਜੱਗ ਜਾਹਰੀ ਸਚਾਈ ਵਿਦੇਸ਼ ਜਾਣ ਦਾ ਜਨੂੰਨ ਤੇ ਬਿਨਾਂ ਪੈਰਾਂ ਤੋਂ ਦੌੜ ਲਾਉਣ ਦਾ ਦ੍ਰਿਸ਼ ਹੈ। ਆਪਣੀ ਮਾਤ-ਭੂਮੀ, ਆਪਣੇ ਸਕੇ ਸੰਬੰਧੀ ਛੱਡ ਕੇ, ਪਰਦੇਸੀਆਂ ਦੀ ਦਾਖ਼ਲਾ ਲੈਣ ਦੀ ਗੁਪਤ ਮਨਸ਼ਾ ਜਗ ਜਾਹਰੀ ਹੈ। ਇਸ ਰੁਝਾਨ ਪਿੱਛੇ ਮਾੜਾ ਨਿਜ਼ਾਮ ਤੇ ਨਾਕਸ ਬੰਦੋਬਸਤ ਜ਼ਿੰਮੇਵਾਰ ਹੈ। ਸਰਕਾਰੀ ਤੰਤਰ ਨੂੰ ਬੇਕਸੂਰ ਕਹਿ ਕੇ ਬਰੀ ਨਹੀਂ ਕੀਤਾ ਜਾ ਸਕਦਾ। ਚਿਰਾਂ ਤੋਂ ਰਹਿ ਰਹੇ ਪ੍ਰਦੇਸੀ, ਆਪਣੇ ਨਵੇਂ ਪਹੁੰਚਿਆਂ ਦੇ ਰੋਟੀ, ਕੱਪੜਾ ਤੇ ਮਕਾਨ ਤੋਂ ਬੇਜ਼ਾਰ ਸਾਥੀਆਂ ਦਾ ਦੁੱਖ ਦਰਦ ਬਿਆਨ ਕਰਨ ਤੋਂ ਗੁਰੇਜ਼ ਕਰਦੇ ਹਨ ਪਰੰਤੂ ਕੁਝ ਮਹੀਨਿਆਂ ਲਈ ਸੈਰ ਕਰਕੇ ਆਏ ਸੈਲਾਨੀਆਂ ਨੇ ਨੇੜਿਓਂ ਦੇਖੇ ਦ੍ਰਿਸ਼ ਬੜੇ ਦਰਦਨਾਕ, ਅਫ਼ਸੋਸਨਾਕ ਤੇ ਤਰਸਯੋਗ ਹਨ। ਉਹਨਾਂ ਦਾ ਹਾਲ ਸੱਪ ਦੇ ਮੂੰਹ ਵਿੱਚ ਆਈ ਕੋਹੜਕਿਰਲੀ ਵਰਗਾ ਹੁੰਦਾ ਹੈ ਉਹਨਾਂ ਦੀ ਹਾਲਤ ਪ੍ਰਦੇਸਾਂ ਤੋਂ ਅਣਮਨੁੱਖੀ ਤੇ ਅਣਚਾਹੇ ਕੈੜੇ ਕੰਮ ਕਰਨ ਆਏ ਦਿਹਾੜੀਦਾਰਾਂ ਵਰਗੀ ਹੈ। ਕੰਮ ਬੰਦੇ ਦਾ ਭਾਗ ਹੈ ਇਸ ਵਿਚ ਕੋਈ ਸ਼ੱਕ ਤੇ ਸ਼ਰਮ ਨਹੀਂ। ਬੀ.ਏ. ਵਿਚਕਾਰ ਛੱਡ ਕੇ, ਪੈਸੇ ਵਿਆਜੂ ਜਾਂ ਉਧਾਰ ਲੈ ਕੇ, ਮਾਸੀ ਦੀ ਧੀ ਚੱਲੀ, ਮੈਂ ਕਿਉਂ ਰਹਾਂ ਇੱਕਲੀ, ਰੀਸੋ-ਰੀਸ ਜਹਾਜ਼ਾਂ ਦੀ ਬਜਾਏ

ਜੰਗਲਾਂ ਰਾਹੀਂ ਜਾਨ ਹਥੇਲੀ 'ਤੇ ਰੱਖ ਕੇ ਜਾਣ, ਫਿਰ ਖੋਟੇ ਪੈਸੇ ਵਾਂਗ ਮੁੜਨ ਵਾਲਿਓ! ਜ਼ਰਾ ਸੋਚੋ, ਤੁਸੀਂ ਪੱਕੇ ਅੰਬ ਤੋੜਨ ਨਹੀ ਜਾਣਾ। ਜੇ ਉੱਕਾ ਹੀ ਨਹੀਂ ਸਰਦਾ ਤਾਂ ਕੋਈ ਟੈਕਨੀਕਲ ਡਿਗਰੀ, ਦਸਤਕਾਰੀ ਵਾਲੇ ਕੰਮ ਦਾ ਹੁਨਰ ਜਿਵੇਂ ਇਲੈਕਟ੍ਰੀਸ਼ਨ, ਪਲੰਬਰ, ਕਾਰ ਮਕੈਨਿਕ, ਵੁੱਡ ਵਰਕ, ਮਕਾਨ ਉਸਾਰੀ, ਨਰਸਿੰਗ, ਕੇਅਰ ਟੇਕਰ ਆਦਿ ਅਨੇਕਾਂ ਹੋਰ ਕਲਾਵਾਂ 'ਤੇ ਮੁਹਾਰਤ ਤੋ ਬਿਨਾਂ ਉਹ ਆਪਣੇ ਜਿਗਰ ਦੇ ਟੋਟਿਆਂ ਨੂੰ ਇਕ ਕਦਮ ਵੀ ਨਾ ਪੁੱਟਣ ਦਿਓ, ਕਿਉਂਕਿ ਉੱਥੇ ਰੈਨ ਬਸੇਰਾ ਨਹੀਂ ਮਾਤਾ-ਪਿਤਾ ਨਹੀਂ ਬੱਸ ਜੇ ਕੰਮ ਆਉਂਦਾ ਹੈ ਤਾਂ ਸਿਰਫ਼ ਆਪਣੇ ਹੱਥ ਦਾ ਗੁਣ। ਮੇਰੀ ਜਾਚੇ, ਅੱਧਾ ਕਰੋੜ ਹਵਾ 'ਚ ਉਡਾਉਣ ਨਾਲੋਂ, ਉਹਨਾਂ ਪੈਸਿਆਂ ਨਾਲ ਆਪਣਾ ਕਾਰੋਬਾਰ ਕਰ ਲੈਣਾ ਕਿਤੇ ਬਿਹਤਰ ਹੈ। ਯਾਦ ਰਹੇ! ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਨਾ ਬਲ਼ਖ ਨਾ ਬੁਖ਼ਾਰੇ।

ਮੇਰਾ ਧਿਆਨ ਜਾਂਦਾ ਹੈ ਕਿ ਨਸ਼ਿਆਂ, ਨਸ਼ੇੜੀਆਂ ਅਤੇ ਨਸ਼ੇ ਦੇ ਤਸਕਰਾਂ ਜਿਹੜੇ ਪੰਜਾਬ ਦੇ ਸਭ ਤੋਂ ਵੱਡਾ ਫ਼ਿਕਰ ਅਤੇ ਚੁਣੌਤੀ ਹਨ। ਨਸ਼ੇ ਨਾਸ ਕਰਦੇ ਹਨ, ਧੀਮੀ ਜ਼ਹਿਰ ਹਨ, ਬਣਾਉਟੀ ਸਹਾਰਾ ਹਨ, ਖਤਰੇ ਦੀ ਘੰਟੀ ਹਨ, ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਨਸ਼ਾ ਛੁਡਾਊ ਕੇਂਦਰਾ ਵਿੱਚ ਦੇਖ ਕੇ ਮੇਰੇ ਖ਼ੂਨ ਦਾ ਪਾਣੀ ਬਣ ਜਾਂਦਾ ਹੈ, ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖੜ੍ਹੀ। ਪਿੰਡ-ਪਿੰਡ, ਗਲ਼ੀ-ਗਲ਼ੀ, ਸ਼ਹਿਰ-ਸ਼ਹਿਰ, ਮਹੱਲੇ-ਮਹੱਲੇ ਵਿੱਚ ਆਸਾਨੀ ਨਾਲ ਮਿਲ਼ ਰਹੇ ਨਸ਼ੇ, ਵਿਸ਼ਵਗੁਰੂ ਮੰਨੇ ਜਾਂਦੇ ਸਾਡੇ ਦੇਸ ਦੇ ਮੱਥੇ ਤੇ ਕਲੰਕ ਦਾ ਟਿੱਕਾ ਹਨ, ਪਲ-ਪਲ ਦਾ ਮਜ਼ਾ ਜੀਵਨ ਭਰ ਦੀ ਸਜ਼ਾ ਹੋ ਨਿਬੜਦੈ। ਮੈਂ ਰਸੂਲੜੇ ਅਤੇ ਬਾਹੋਮਾਜਰੇ ਦੇ ਪ੍ਰਸਿੱਧ ਨਸ਼ਾ ਛੁਡਾਉ ਕੇਂਦਰਾ ਵਿੱਚ ਪਿਛਲੇ 15 ਸਾਲਾਂ ਤੋਂ ਬਤੌਰ ਕਾਊਂਸਲਰ, ਨਸ਼ਿਆਂ ਵਿਰੁੱਧ ਯੁੱਧ ਲਈ ਜਾਣ ਕਰਕੇ ਮੇਰੇ ਹਿੱਸੇ ਬੜੇ ਮਿੱਠੇ ਤੇ ਕੌੜੇ ਤਜ਼ਰਬੇ ਆਏ ਹਨ। ਸਲਾਮ ਉਹਨਾਂ ਮਾਪਿਆ ਨੂੰ ਜਿਹੜੇ ਆਪਣੇ ਲਾਡਲਿਆ ਨੂੰ ਆਪਣੀਆਂ ਅੱਖਾਂ ਅੱਗੇ ਮਰਦੇ ਨਹੀਂ ਦੇਖ ਸਕੇ ਅਤੇ ਪਰਦੇ ਨਾਲ਼ ਉਹਨਾਂ ਦੀ ਜਾਨ ਬਚਾਉਣ ਖਾਤਰ ਨਸ਼ਾ ਛੁਡਾਊ (ਜਾਨ ਬਚਾਊ) ਕੇਂਦਰਾ ਵਿੱਚ ਇਲਾਜ ਕਰਵਾ ਰਹੇ ਹਨ। ਉਹਨਾਂ ਨੂੰ ਸਕੂਨ ਹੈ ਕਿ ਉਹਨਾਂ ਦੀ ਆਪਣੀ ਉਲ਼ਾਦ ਨੂੰ ਸਮੇਂ-ਸਿਰ ਰੋਟੀ-ਪਾਣੀ ਮਿਲ਼ ਰਿਹਾ ਹੈ ਅਤੇ ਉਹਨਾਂ ਦੇ ਨਸ਼ੇ ਵਿੱਚ ਬ੍ਰੇਕ ਪੈ ਗਈ ਹੈ। ਨਸ਼ਾ ਛੁਡਾਊ ਕੇਂਦਰਾ ਤੋਂ ਬਾਹਰ ਆ ਕੇ ਆਮ ਜ਼ਿੰਦਗੀ ਵਿੱਚ ਸਹੀ ਸਲਾਮਤ ਕਾਰੋਬਾਰ ਕਰਦੇ ਦੇਖ ਕੇ ਬਹੁਤ ਹੀ ਸਕੂਨ ਮਿਲ਼ਦਾ ਹੈ ਅਤੇ ਸੀਨਾ ਚੌੜਾ ਹੋ ਜਾਂਦਾ ਹੈ।

ਅੱਜ ਨਸ਼ੇ ਵਿੱਚ ਨਵੀ ਪੀੜ੍ਹੀ ਗਰਕ ਹੋ ਰਹੀ ਹੈ। ਕਦੇ ਸ਼ਰਾਬ ਕਰਦੀ ਸੀ ਖ਼ਾਨਾ ਖਰਾਬ। ਅੱਜ ਵੀ ਐਨੇ ਸਕੂਲ ਨਹੀਂ ਜਿੰਨੇ ਠੇਕੇ ਹਨ ਅਤੇ ਏਨੀਆਂ ਕਿਤਾਬਾਂ ਨਹੀਂ ਜਿੰਨੀਆਂ ਬੋਤਲਾਂ ਹਨ।ਨਸ਼ੇ ਦੀਆਂ ਪਤਾ ਨਹੀਂ ਕਿੰਨੀਆਂ ਕੁ ਕਿਸਮਾਂ ਨੇ ਪਰੰਤੂ ਇੱਕ ਨਾਕਸ ਚਿੱਟੇ ਨਾਮੀ ਨਸ਼ੇ ਨੇ ਜਵਾਨੀ ਕਾਲ਼ੀ ਕਰ ਦਿੱਤੀ ਹੈ। ਚਿੱਟੇ ਨੇ ਮਾਵਾਂ ਦੀਆਂ ਚੁੰਨੀਆਂ ਦੇ ਰੰਗ ਚਿੱਟੇ ਕਰ ਦਿੱਤੇ ਹਨ। ਲੱਗਦਾ ਇਉਂ ਹੈ ਜਿਵੇਂ ਪੰਜਾਬ ਦੀ ਜਵਾਨੀ ਦਾ ਵੱਡਾ ਹਿੱਸਾ ਵੈਂਟੀਲੈਟਰ 'ਤੇ ਆ ਗਿਆ ਹੋਵੇ। ਸਭ ਤੋਂ ਵੱਧ ਸੁਰੱਖਿਆ ਦੇ ਘੇਰੇ

ਵਿੱਚ ਯਾਅਨੀ ਕਿ ਜੇਲ੍ਹਾਂ ਵਿੱਚ ਬੰਦ ਮੁਲਜ਼ਮਾਂ ਕੋਲੋਂ ਮੋਬਾਈਲ ਤੇ ਨਸ਼ਿਆਂ ਦਾ ਆਸਾਨੀ ਨਾਲ ਉਪਲਬਧ ਹੋਣਾ ਪ੍ਰਸ਼ਾਸ਼ਨ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਹੀ ਨਹੀਂ, ਬਲਕਿ ਬਹੁਤ ਵੱਡਾ ਧੱਬਾ ਲਾਉਂਦਾ ਹੈ। ਜਦ ਵਾੜ ਹੀ ਖੇਤ ਨੂੰ ਖਾ ਜਾਵੇ ਤਾਂ ਪਿੱਛੇ ਕੀ ਬਚੇਗਾ। ਪੌੜੀਆਂ ਨੂੰ ਉੱਪਰ ਤੋਂ ਹੇਠਾਂ ਵੱਲ ਨੂੰ ਸਾਫ਼ ਕਰਨ ਦੀ ਲੋੜ ਹੈ। ਸਕਾਰਾਤਾਮਿਕ ਸੋਚ, ਦ੍ਰਿੜ ਇੱਛਾ ਸ਼ਕਤੀ, ਸਾਰਥਕ ਸਮਾਜਿਕ ਮਾਹੌਲ ਨਸ਼ੇ ਦੀ ਉਪਲਬਧੀ ਨਾ ਹੋਵੇ, ਕਿਤਾਬਾਂ ਸੰਗ ਦੋਸਤੀ ਅਤੇ ਨਸ਼ਿਆਂ ਦੇ ਕਾਰਨਾਂ ਦੀ ਰੋਸ਼ਨੀ ਵਿੱਚ ਇਲਾਜ ਹੋਵੇ। ਹਤਾਸ਼ ਹੋਣ ਦੀ ਲੋੜ ਨਹੀਂ, ਹਰ ਜ਼ਿੰਦੇ ਦੀ ਚਾਬੀ ਹੈ। ਜੇਕਰ ਹਰ ਸੂਝਵਾਨ ਨਾਗਰਿਕ ਨਸ਼ਿਆਂ ਨੂੰ ਨੱਥ ਪਾਉਣ ਦੀ ਠਾਣ ਲਵੇ ਤਾਂ ਉਹ ਦਿਨ ਦੂਰ ਨਹੀਂ ਜਦੋ ਅਸੀਂ ਨਸ਼ੇ ਰੂਪੀ ਦੈਂਤ ਨੂੰ ਆਪਣੇ ਵਿਹੜੇ ਤੋਂ ਭਜਾਉਣ ਵਿੱਚ ਕਾਮਯਾਬ ਹੋ ਜਾਵਾਂਗੇ।

ਇੱਕ ਹੋਰ ਸੁਨੇਹਾ ਸੜਕ 'ਤੇ ਵਾਹਨ ਚਾਲਕਾਂ ਨੂੰ ਦੇਣਾ ਹੈ, ਖ਼ਾਸ ਤੌਰ 'ਤੇ ਉਹਨਾਂ ਨਜਾਇਜ਼ ਕਾਹਲ਼ ਕਰਨ ਵਾਲ਼ਿਆਂ ਨੂੰ ਜਿਹੜੇ ਭੀੜ-ਭੜੱਕੇ ਵਾਲ਼ੀ ਸੜਕ 'ਤੇ ਵੀ ਆਪਣੇ ਆਪ ਨੂੰ ਸਰਕਸ ਦੇ ਕਲਾਕਾਰ ਸਮਝ ਕੇ ਆਪਣੇ ਕੌਤਕ ਦਿਖਾਉਣ ਤੋਂ ਨਹੀਂ ਖੁੰਝਦੇ। ਸੜਕ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਵਾਲੇ ਭੈਣੋ-ਭਰਾਵੋ, ਐਡੀ ਕਾਹਲ਼ ਵੀ ਕਿਸ ਕੰਮ ਦੀ ਜਿਹੜੀ ਜ਼ਿੰਦਗੀ ਲਈ ਘਾਤਕ ਸਿੱਧ ਹੋ ਜਾਵੇ। ਨੋਟ ਕਰੋ ਸਾਰੇ ਰਸਤੇ ਸਰਬਸਾਂਝੇ ਹਨ, ਨਿੱਜੀ ਜਾਇਦਾਦ ਨਹੀਂ ਹਨ। ਸੜਕਾਂ ਤੇ ਦ੍ਰਿਸ਼ਟੀਗੋਚਰ ਖ਼ਾਨਾਜੰਗੀ ਵਰਗਾ ਦ੍ਰਿਸ਼ ਆਪਾ-ਧਾਪੀ, ਹਫੜਾ-ਦਫੜੀ, ਦੌੜ ਧੁਪ ਤੇ ਤੇਜ਼ ਰਫ਼ਤਾਰੀ ਦਾ ਨੰਗਾ ਨਾਚ ਦੇਖ ਕੇ ਦਿਲ ਦਿਲਗੀਰੀ ਖਾ ਜਾਂਦਾ ਹੈ। ਪਤਾ ਨਹੀਂ ਇਉਂ ਅਸ਼ਾਂਤ, ਬੇਚੈਨ, ਗੁੰਮ-ਗੁੰਮ ਘੁੰਮ ਰਹੇ ਹਨ ਜਿਵੇਂ ਕਿਸੇ ਗੁੰਮਸ਼ੁਦਾ ਦੀ ਤਲਾਸ਼ ਵਿੱਚ ਗੁੰਮ ਹੋ ਗਏ ਹੋਣ। ਇੱਕ ਹੋਰ ਨਾਖੁਸ਼ ਗਵਾਰ ਦ੍ਰਿਸ਼ ਦੇਖ ਲਵੋ ਪੈਦਲ ਤੇ ਸਾਈਕਲ ਤੋਂ ਲੈ ਕੇ, ਟ੍ਰੱਕਾਂ, ਬੱਸਾ ਤੱਕ, ਜਹਾਜ਼ਾ ਦਾ ਤਾਂ ਮੈਨੂੰ ਇਲਮ ਨਹੀਂ, ਸਾਰੇ ਵਾਹਕ ਇੱਕ ਹੱਥ ਨਾਲ਼ ਵਾਹਨ ਚਲਾਉਦੇ ਹੀ ਨਹੀਂ ਨਜ਼ਰ ਨਹੀਂ ਆਉਦੇ, ਬਲਕਿ ਚੱਲਦੇ ਵਾਹਨਾਂ ਵਿੱਚ ਮੋਬਾਈਲ ਦੇ ਨੰਬਰ ਮਿਲਾਉਣ ਦੀ ਅਤੇ ਗਰਦਨ ਟੇਢੀ ਕਰਕੇ ਮੋਬਾਈਲ ਸੁਣਨ ਦੀ ਖਤਰਨਾਕ ਖੇਡ ਵੀ ਕਰਦੇ ਹਨ, ਉਹਨਾਂ ਦੀ ਨਿੱਕੀ ਜਿਹੀ ਲਾਪਰਵਾਹੀ ਅਣਗਿਣਤ ਘਰਾਂ ਦੇ ਦੀਵੇ ਗੁੱਲ ਕਰ ਦਿੰਦੀ ਹੈ। ਇੱਕ ਮੋਢੇ ਤੇ ਅੱਖਾਂ ਬੰਦ ਵਾਲ਼ੇ ਨਿੱਕੇ ਬੱਚੇ ਨੂੰ ਮੋਢੇ ਲਗਾ ਕੇ, ਦੂਜੇ ਹੱਥ ਨਾਲ਼ ਮੋਟਰ ਸਾਈਕਲ ਚਲਾਉਣ ਵਾਲ਼ੇ ਆਪਣੀ ਜਿੰਦਗੀ ਦੇ ਨਾਲ਼ ਬੰਦ ਅੱਖਾਂ ਵਾਲੇ ਨਿੱਕੇ ਬੱਚਿਆਂ ਦੀਆਂ ਅੱਖਾਂ ਹਮੇਸ਼ਾਂ-ਹਮੇਸ਼ਾਂ ਲਈ ਬੰਦ ਕਰਵਾ ਦਿੰਦੇ ਹਨ। ਸਾਵਧਾਨ, ਖ਼ਬਰਦਾਰ, ਹੁਸ਼ਿਆਰ ਤੇ ਜਾਗਰੂਕ ਹੋ ਕੇ ਵਾਹਨਾਂ ਦੇ ਹੈਂਡਲ ਨੂੰ ਹੱਥ ਪਾਇਓ, ਮੇਰੇ ਦੋਸਤੋ।

ਯਕੀਨਨ, ਕੱਪੜੇ ਸਰੀਰ ਢਕਣ ਵਾਸਤੇ ਪਾਏ ਜਾਂਦੇ ਹਨ, ਪਰੰਤੂ ਅੱਜ-ਕੱਲ੍ਹ ਦਾ ਪਹਿਰਾਵੇ ਵਿੱਚ ਜ਼ਿਆਦਾਤਰ ਬੇਗ਼ੈਰਤ ਹੁੰਦਾ ਜਾ ਰਿਹਾ ਹੈ। ਪ੍ਰਾਚੀਨ ਅਖਾਣ ਹੈ, ਖਾਈਏ ਮਨਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ। ਕੀ ਅੱਜ-ਕੱਲ੍ਹ ਸੱਭਿਅਕ ਪਹਿਰਾਵਾ ਸਾਨੂੰ ਭਾਉਣਾ ਬੰਦ ਹੋ ਗਿਆ ਹੈ? ਪਰਦੇ ਦਾ ਅਰਥ ਚਾਰਦਿਵਾਰੀ ਵਿੱਚ ਕੈਦਖ਼ਾਨਾ ਨਹੀਂ ਪਰੰਤੂ ਲੋਕਤੰਤਰੀ ਦੇਸ਼ ਵਿਚ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਨਜ਼ਰ

ਅੰਦਾਜ਼ ਕਰਨਾ ਵੀ ਉਚਿਤ ਨਹੀਂ, ਪੰਜਾਬੀ ਪਹਿਰਾਵਾ ਬਾਕਮਾਲ ਵਾ ਲਾਜਵਾਬ ਹੈ। ਪਹਿਰਾਵੇ ਵਿੱਚ ਸਮਾਜਿਕ, ਅਨੈਤਿਕ, ਅਸ਼ਲੀਲ ਤੇ ਗ਼ੈਰਕੁਦਰਤੀ ਝਲਕ ਅਜੋਕੇ ਸ਼ਹਿਰੀਕਰਨ, ਨਵੀਨੀਕਰਨ ਤੇ ਆਧੁਨਿਕੀਕਰਨ ਦੀ ਤਸਵੀਰ ਹੈ, ਸਾਡੇ ਅਮੀਰ ਤੇ ਪੁਰਾਣੇ-ਸੱਭਿਆਚਾਰ ਤੇ ਸੰਸਕ੍ਰਿਤੀ ਦੀ ਨਹੀਂ। ਯਾਦ ਰਹੇ! ਜੋ ਕੁਝ ਪਹਿਨਿਆਂ ਹੋਇਆ ਹੈ, ਉਸ ਨਾਲੋਂ ਅਸੀਂ ਜੋ ਕੁਝ ਵੀ ਹਾਂ, ਵਧੇਰੇ ਮਹੱਤਤਾ ਰੱਖਦਾ ਹੈ। ਪਹਿਰਾਵਾ ਉਦੋਂ ਤੱਕ ਦੇਖਿਆ ਜਾਂਦਾ ਹੈ, ਜਦ ਤੱਕ ਅਸੀਂ ਮੂੰਹ ਤੋਂ ਕੁਝ ਨਹੀਂ ਬੋਲਦੇ, ਗਾਂਧੀ ਜੀ ਸਧਾਰਨ ਤੋਂ ਸਧਾਰਨ ਪਹਿਰਾਵੇ ਵਿੱਚ ਰਹਿ ਕੇ ਵੀ ਰਾਸ਼ਟਰ ਦੇ ਪਿਤਾ ਅਖਵਾ ਗਏ। ਗੁਲਾਬ ਦੇ ਫੁੱਲ ਨੇ ਤਾਂ ਗੁਲਾਬ ਦਾ ਫੁੱਲ ਹੀ ਰਹਿਣਾ ਹੈ। ਡਾਕਟਰੀ ਵਰਦੀ ਪਹਿਨ ਕੇ ਕੋਈ ਡਾਕਟਰ ਨਹੀਂ ਬਣ ਜਾਂਦਾ। ਅਸ਼ਲੀਲ ਪਹਿਰਾਵੇ ਦੇ ਰੁਝਾਨ ਨੂੰ ਨੱਥ ਪਾਉਣ ਲਈ ਮਾਪਿਆ ਖ਼ਾਸ ਤੌਰ ’ਤੇ ਮਾਵਾਂ ਨੂੰ ਘਰਾਂ ਵਿੱਚ, ਅਧਿਆਪਕਾਂ ਨੂੰ ਸਕੂਲਾਂ ਵਿੱਚ ਅਤੇ ਖ਼ੁਦ ਨੂੰ ਆਦਰਸ਼ ਬਣ ਕੇ ਸਾਹਮਣੇ ਆਉਣਾ ਚਾਹੁੰਦਾ ਹੈ। ਕੀਮਤੀ ਪੁਸ਼ਾਕ ਮਨੁੱਖ ਨੂੰ ਕੀਮਤੀ ਨਹੀਂ ਬਣਾ ਸਕਦੀ। ਹਾੜਾ! ਦੇਸ ਦੇ ਵਾਰਸੋ, ਦੇਸ ਦੇ ਵਿਰਸੇ ਤੇ ਸੰਸਕਾਰਾਂ ਨੂੰ ਦਾਗ ਨਾ ਲਾਓ।

ਜੇਕਰ ਬਜ਼ੁਰਗਾਂ ਦੀ ਗੱਲ ਨਾ ਕੀਤੀ ਤਾਂ ਸਮੁੱਚੀ ਰਚਨਾ ਅਧੂਰੀ ਰਹੇਗੀ। ਮਾਪਿਆਂ ਤੋਂ ਵੱਧ ਕੇ ਬੱਚਿਆਂ ਦਾ ਹਿਤੈਸ਼ੀ ਕੋਈ ਨਹੀਂ ਹੋ ਸਕਦਾ। ਅਜੋਕੇ ਦੌਰ ਵਿੱਚ ਨੌਜਵਾਨ ਪੀੜ੍ਹੀ ਕੋਲ਼ ਬਜ਼ੁਰਗਾਂ ਸੰਗ ਬੈਠਣ, ਵਿਚਾਰ ਸਾਂਝੇ ਕਰਨ ਤੇ ਉਹਨਾਂ ਦੇ ਤਜਰਬਿਆਂ ਦਾ ਲਾਹਾ ਲੈਣ ਜੋਗਾ ਸਮਾਂ ਨਹੀਂ ਹੈ। ਖ਼ੁਸ਼ਹਾਲ ਉਹ ਘਰ ਹਨ ਜਿੱਥੇ ਬਜ਼ੁਰਗ ਹੱਸਦੇ ਹਨ, ਜਿੱਥੇ ਉਹਨਾਂ ਦੀ ਪੁੱਛ ਪ੍ਰਤੀਤ ਹੈ, ਕਦਰ ਹੈ, ਸਤਿਕਾਰ ਹੈ। ਯਾਦ ਰਹੇ! ‘ਜੇਸਾ ਬੀਜੋਗੇ, ਤੈਸਾ ਹੀ ਕਾਟੋਗੇ। ਚਾਰ ਵੇਦਾਂ ਤੇ ਛੇ ਸ਼ਾਸਤਰਾਂ ਵਿੱਚੋਂ ਇੱਕੋ ਹੀ ਗੱਲ ਪ੍ਰਾਪਤ ਹੁੰਦੀ ਹੈ ਕਿ ਦੁੱਖ ਦੇਣ ਨਾਲ਼ ਦੁੱਖ ਅਤੇ ਸੁੱਖ ਦੇਣ ਨਾਲ਼ ਸੁੱਖ ਮਿਲਦਾ ਹੈ। ਬਜ਼ੁਰਗਾਂ ਨੂੰ ਪੈਸੇ ਦੀ ਨਹੀਂ, ਤੁਹਾਡੇ ਸਾਥ ਦੀ ਲੋੜ ਹੈ।

ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਬਜ਼ੁਰਗ ਮਾਂ-ਪਿਓ ਦੇ ਚਰਨਾਂ ਵਿੱਚ ਬੈਠ ਕੇ, ਚਰਨ ਦਬਾ ਕੇ, ਉਹਨਾਂ ਦੇ ਚਰਨ ਕਦਮਾਂ ਤੇ ਚੱਲ ਕੇ, ਆਪਣਾ ਜੀਵਨ ਸਫਲ ਕਰੀਏ ਅਤੇ ਨੌਜਵਾਨ ਪੀੜ੍ਹੀ ਨੂੰ ਸਰਥਕ ਸੁਨੇਹਾ ਦੇਈਏ।ਯਾਦ ਰਹੇ! ਮਾਪੇ ਰੁੱਤ ਦਾ ਮੇਵਾ ਹਨ, ਅਣਮੁੱਲੇ ਹੀਰੇ ਹਨ, ਰੱਬੀ ਸੌਗਾਤ ਹਨ। ਅੱਜ ਹਨ, ਕੱਲ੍ਹ ਨੂੰ ਨਹੀਂ ਹੋਣਗੇ। ਲੋੜ ਹੈ, ਉਹਨਾਂ ਤੋਂ ਅਸੀਸਾਂ ਤੇ ਆਸ਼ੀਰਵਾਦ ਗ੍ਰਹਿਣ ਕਰਨ ਦੀ। ਜਿਨ੍ਹਾਂ ਨੂੰ ਮਾਪਿਆਂ ਤੋਂ ਦਿਲੀਂ ਦੁਆਵਾਂ ਮਿਲ ਜਾਂਦੀਆਂ ਹਨ ਉਹਨਾਂ ਨੂੰ ਜ਼ਿੰਦਗੀ ਭਰ ਦਵਾਈਆਂ ਦੀ ਲੋੜ ਨਹੀਂ ਪੈਂਦੀ।

ਆਓ! ਨਵੇਂ ਸਾਲ ਦੇ ਆਗਾਜ਼ ਵਿੱਚ ਸਕਾਰਾਤਮਿਕ ਅਤੇ ਰਚਨਤਾਮਿਕ ਸੰਕਲਪ ਲਈਏ। ਸਮੁੰਦਰ ਬਣ ਕੇ ਜੀਵਨ ਬਤੀਤ ਕਰੀਏ, ਫੇਰ ਦੇਖੋ ਜਿਊਣ ਦਾ ਮਜ਼ਾ ਕੀ ਹੈ, ਟਾਈਮ-ਟੇਬਲ ਬਣਾ ਕੇ ਕੰਮ ਕਰਿਓ। ਮਨਚਾਹਾ ਫਲ਼ ਮਿਲ਼ੇਗਾ, ਕੰਮ ਬੰਦੇ ਦਾ ਭਾਗ ਹੈ, ਗੱਲਾਂ ਨਾਲ ਗੱਲ ਨਹੀਂ ਬਣਨੀ। ਹਰਕਤ ਵਿੱਚ ਹੀ ਬਰਕਤ ਹੈ, ਜ਼ਰਾ ਅਜ਼ਮਾ ਕੇ ਤਾਂ ਦੇਖੋ, ਜਨਾਬ।



ਕੇ ਪੀ ਸਿੰਘ
9876582500

# ਜੰਗਲ਼ ਦੇ ਰਾਖੇ

ਇੱਕ ਸ਼ਹਿਰ ਤੋਂ ਕੁਝ ਦੂਰ ਇੱਕ ਘਣਾ ਜੰਗਲ਼ ਸੀ। ਇਸ ਹਰੇ-ਭਰੇ ਜੰਗਲ਼ 'ਚ ਪੰਛੀ ਅਤੇ ਜਾਨਵਰ ਖ਼ੁਸ਼ੀ-ਖ਼ੁਸ਼ੀ ਰਹਿੰਦੇ ਸਨ। ਜੰਗਲ਼ ਵਿੱਚ ਰਹਿੰਦੇ ਗੋਲੂ ਨਾਮ ਦੇ ਗਾਲ੍ਹੜ ਅਤੇ ਪੈਰੀ ਨਾਮ ਦੇ ਤੋਤੇ ਦੀ ਗੂੜ੍ਹੀ ਦੋਸਤੀ ਸੀ। ਗੋਲੂ ਚੁਸਤ-ਚਲਾਕ ਗਾਲ੍ਹੜ ਸੀ ਜਦ ਕਿ ਪੈਰੀ ਗੰਭੀਰ ਸੁਭਾਅ ਦਾ ਤੋਤਾ ਸੀ ਪਰ ਦੋਵੇਂ ਬੁੱਧੀਮਾਨ ਸਨ। ਜੰਗਲ਼ ਵਿੱਚ ਕੁਝ ਦਿਨਾਂ ਤੋਂ ਕੁਝ ਮਨੁੱਖ ਰੋਜ਼ਾਨਾ ਦਰਖ਼ਤ ਕੱਟ ਰਹੇ ਸਨ। ਇਸ ਨਾਲ਼ ਕਈ ਪੰਛੀਆਂ ਦੇ ਆਲ੍ਹਣੇ ਟੁੱਟ ਗਏ ਸਨ। ਮੌਸਮ ਗਰਮੀ ਦਾ ਸੀ ਅਤੇ ਪਾਣੀ ਘੱਟ ਹੋ ਰਿਹਾ ਸੀ। ਹਵਾ ਵੀ ਦੂਸ਼ਿਤ ਹੋ ਰਹੀ ਸੀ।

ਪੈਰੀ ਨੇ ਗੋਲੂ ਨੂੰ ਕਿਹਾ, ਗੋਲੂ ਭਰਾ, ਜੇ ਏਦਾਂ ਹੀ ਰੁੱਖਾਂ ਦੀ ਕਟਾਈ ਜਾਰੀ ਰਹੀ ਤਾਂ ਜੰਗਲ਼ ਨਸ਼ਟ ਹੋ ਜਾਵੇਗਾ। ਸਾਨੂੰ ਕੁਝ ਕਰਨਾ ਪਵੇਗਾ। ਗੋਲੂ ਗਾਲ੍ਹੜ ਗੰਭੀਰਤਾ ਨਾਲ਼ ਬੋਲਿਆ, "ਸੱਚ ਕਿਹਾ ਪੈਰੀ। ਸਾਨੂੰ ਸਾਰੇ ਜੰਗਲ਼ ਦੇ ਜੀਵਾਂ ਨੂੰ ਜਗਾਉਣਾ ਹੋਵੇਗਾ।"

ਉਹ ਦੋਵੇਂ ਦੋਸਤ ਜੰਗਲ਼ ਦੇ ਹਰ ਕੋਨੇ 'ਚ ਗਏ। ਪੈਰੀ ਉੱਚੀ ਅਵਾਜ਼ ਵਿੱਚ ਚੀਕਦਾ, "ਸੁਣੋ! ਜੰਗਲ਼ ਬਚਾਓ! ਦਰਖ਼ਤ ਕੱਟਣ ਤੋਂ ਬਚਾਓ!" ਗੋਲੂ ਵੀ ਰੁੱਖ ਦੀ ਉੱਚੀ ਟਹਿਣੀ 'ਤੇ ਪਹੁੰਚ ਕੇ ਬੋਲਦਾ, "ਜੇ ਦਰਖ਼ਤ ਗਏ, ਤਾਂ ਸਾਡੀ ਛਾਂ, ਸਾਡਾ ਪਾਣੀ, ਸਾਡੀ ਹਵਾ ਵੀ ਗਏ।"

ਹੌਲ਼ੀ-ਹੌਲ਼ੀ ਹਿਰਨ, ਲੂੰਬੜ, ਬਿੱਲੀ, ਮੋਰ ਤੇ ਹੋਰ ਪਸ਼ੂ-ਪੰਛੀ ਉਹਨਾਂ ਨਾਲ਼ ਜੁੜਦੇ ਗਏ। ਸਾਰਿਆਂ ਇਕੱਠੇ ਹੋ ਕੇ ਇੱਕ ਬੈਠਕ ਕੀਤੀ ਅਤੇ ਮਸਲਾ ਗੰਭੀਰਤਾ ਨਾਲ਼ ਵਿਚਾਰਿਆ। ਸਾਰਿਆਂ ਫ਼ੈਸਲਾ ਕੀਤਾ ਕਿ ਜੰਗਲ਼ ਨੂੰ ਹੋਣ ਵਾਲ਼ੇ ਨੁਕਸਾਨ

ਤੋਂ ਨਿਕਲਨ ਵਾਲੇ ਨਤੀਜਿਆਂ ਬਾਰੇ ਮਨੁੱਖਾਂ ਨੂੰ ਸਮਝਾਇਆ ਜਾਵੇਗਾ। ਅਗਲੇ ਦਿਨ ਰੋਜ਼ ਦੀ ਤਰ੍ਹਾਂ ਕੁਝ ਮਨੁੱਖ ਦਰਖ਼ਤ ਕੱਟਣ ਲਈ ਜੰਗਲ਼ ਆਏ। ਗੋਲੂ ਅਤੇ ਪੈਰੀ ਬੈਠਕ ਵਿੱਚ ਤੈ ਕੀਤੀ ਯੋਜਨਾ ਅਨੁਸਾਰ ਜੰਗਲ਼ ਦੇ ਹੋਰਨਾਂ ਪੰਛੀਆਂ ਨਾਲ਼ ਮੌਕੇ 'ਤੇ ਪਹੁੰਚੇ।

ਪੈਰੀ ਮਨੁੱਖਾਂ ਨੂੰ ਸੰਬੋਧਨ ਕਰਦਿਆਂ ਬੋਲਿਆ "ਸੁਣੋ ਮਨੁੱਖੋ ! ਤੁਸੀਂ ਜਦ ਤੱਕ ਜੰਗਲ਼ ਨੂੰ ਕੱਟਦੇ ਰਹੋਗੇ, ਤੁਹਾਡੀ ਧਰਤੀ ਸੁੱਕਦੀ ਜਾਏਗੀ।"

ਤੁਸੀਂ ਆਪਣਾ ਕੰਮ ਕਰੋ ਸਾਨੂੰ ਨਾਂ ਸਮਝਾਓ ਰੁੱਖ ਕੱਟ ਰਿਹਾ ਇੱਕ ਵਿਅਕਤੀ ਤਲਖ਼ੀ ਨਾਲ਼ ਬੋਲਿਆ। ਗੋਲੂ ਨੇ ਆਖਿਆ, "ਇਹ ਦਰਖ਼ਤ ਤੁਹਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਹਨ। ਜੇ ਅੱਜ ਬਚਾਏ ਨਾ, ਤਾਂ ਕੱਲ੍ਹ ਨੂੰ ਪਛਤਾਉਗੇ।"

ਉਹ ਕਿਵੇਂ ? "ਰੁੱਖ ਕੱਟਣ ਵਾਲ਼ਿਆਂ ਵਿੱਚੋਂ ਹੀ ਇੱਕ ਹੋਰ ਬੋਲਿਆ।

ਯਾਦ ਰੱਖੋ, ਪਸ਼ੂ-ਪੰਛੀ ਅਤੇ ਮਨੁੱਖ ਹਰ ਚੀਜ਼ ਕੁਦਰਤ ਤੋਂ ਪ੍ਰਾਪਤ ਕਰਦੇ ਹਨ। ਭਲੇ ਸਮੇਂ ਤੋਂ ਹੁਣ ਤੱਕ ਮਨੁੱਖ ਨੇ ਵੀ ਰੁੱਖਾਂ ਤੋਂ ਹੀ ਹਰ ਚੀਜ਼ ਪ੍ਰਾਪਤ ਕੀਤੀ ਹੈ। ਪੈਰੀ ਨੇ ਜਵਾਬ ਦਿੱਤਾ।

ਗੋਲੂ ਨੇ ਉਸ ਦੀ ਗੱਲ ਅੱਗੇ ਵਧਾਉਂਦਿਆਂ ਕਿਹਾ; ਰੁੱਖਾਂ ਤੋਂ ਆਕਸੀਜਨ ਪ੍ਰਾਪਤ ਕਰਕੇ ਹੀ ਅਸੀਂ ਸਾਰੇ ਸਾਹ ਲੈਂਦੇ ਹਾਂ। ਰੁੱਖ ਦੀ ਛਾਂ, ਰੁੱਖ ਦੀ ਲੱਕੜ, ਰੁੱਖ ਤੋਂ ਪ੍ਰਾਪਤ ਫਲ਼, ਰੁੱਖ ਤੋਂ ਪ੍ਰਾਪਤ ਦਵਾਈਆਂ ਨੇ ਹਮੇਸ਼ਾਂ ਲਾਭ ਦਿੱਤਾ ਹੈ। ਲੱਕੜ ਕੱਟਣ ਆਏ ਮਨੁੱਖ ਇਹ ਗੱਲਾਂ ਬੜੀ ਗੰਭੀਰਤਾ ਨਾਲ਼ ਸੁਣ ਰਹੇ ਸਨ।

ਏਨੇ ਨੂੰ ਹਰੀਆ ਨਾਮ ਦਾ ਇੱਕ ਬਜ਼ੁਰਗ ਬਾਰਾਂਸਿੰਗਾ ਬੋਲਿਆ ਰੁੱਖ ਕੱਟੇ ਜਾਣਗੇ ਤਾਂ ਵਰਖਾ ਵੀ ਬਹੁਤ ਘੱਟ ਹੋਵੇਗੀ ਤੇ ਮੌਸਮ ਵੀ ਗਰਮ ਹੋ ਜਾਵੇਗਾ। ਰੁੱਖ ਧਰਤੀ ਹੇਠਲੇ ਪਾਣੀ ਦਾ ਸੰਤੁਲਨ ਬਣਾਈ ਰੱਖਣ ਵਿੱਚ ਵੀ ਸਹਾਇਕ ਹਨ। ਮਨੁੱਖ ਦੀਆਂ ਬਿਮਾਰੀਆਂ ਵੀ ਤਾਂ ਵਾਤਾਵਰਨ ਦੇ ਅਸੰਤੁਲਨ ਕਾਰਨ ਵਧ ਰਹੀਆਂ ਹਨ। ਤੁਹਾਡਾ ਫ਼ਰਜ਼ ਤਾਂ ਰੁੱਖਾਂ ਦੀ ਹਿਫ਼ਾਜ਼ਤ ਕਰਨਾ ਹੈ।"

ਇਹ ਗੱਲਾਂ ਸੁਣ ਕੇ ਰੁੱਖ ਕੱਟਣ ਵਾਲ਼ਿਆਂ ਦਾ ਮੁਖੀ ਵੀ ਗੰਭੀਰ ਹੋ ਗਿਆ ਅਤੇ ਆਪਣੇ ਬਾਕੀ ਸਾਥੀਆਂ ਨੂੰ ਬੋਲਿਆ, "ਸੱਚ-ਮੁੱਚ, ਜੇ ਜੰਗਲ਼ ਨਾ ਰਿਹਾ ਤਾਂ ਅਸੀਂ ਵੀ ਨਹੀਂ ਰਹਾਂਗੇ।" ਬਾਕੀਆਂ ਨੇ ਵੀ ਉਸ ਦੀ ਗੱਲ ਨਾਲ਼ ਸਹਿਮਤੀ ਜਤਾਈ। ਸਾਰੇ ਆਪਣੀਆਂ ਕੁਹਾੜੀਆਂ ਚੁੱਕ ਕੇ ਵਾਪਸ ਹੋ ਤੁਰੇ। ਇਹਨਾਂ ਸਾਰਿਆਂ ਨੇ ਆਪਣੇ ਹੋਰ ਸਾਥੀਆਂ ਦੇ ਨਾਲ਼ ਮਿਲ਼ ਕੇ ਵਾਤਾਵਰਨ ਬਚਾਓ ਮੁਹਿੰਮ ਸ਼ੁਰੂ ਕੀਤੀ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ, ਜਿਸ ਦੇ ਵਧੀਆ ਨਤੀਜੇ ਸਾਮ੍ਹਣੇ ਆਏ। ਧਰਤੀ ਮੁਸਕਰਾਉਣ ਲੱਗੀ ਅਤੇ ਸਾਰਾ ਜੰਗਲ਼ ਵੀ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗਾ।



ਜਸਵੀਰ ਸਿੰਘ ਭੁੱਲਰ

# ਨਾਵਲ ਥੇਹ ਕਿਸ਼ਤ ਪੰਦਰਾਂ

ਹਵਾ ਕੁਝ ਤੇਜ਼ ਝੁਲਣ ਲੱਗ ਪਈ ਸੀ। ਪਿਛਲੇ ਕੁਝ ਦਿਨਾਂ ਤੋਂ ਰੋਹ ਤੇ ਵਿਦਰੋਹ ਦੀਆਂ ਅਵਾਜ਼ਾਂ ਨਿੱਤ ਦਿਨ ਸੁਣਾਈ ਦੇਣ ਲੱਗ ਪਈਆਂ ਸਨ। ਕੁਝ ਅਵਾਜ਼ਾਂ ਅਣਸੁਣੀਆਂ ਵੀ ਹਵਾ ਵਿਚ ਰਲਗੱਡ ਹੋ ਰਹੀਆਂ ਸਨ। ਤੇਜ਼ ਹਵਾ ਝੱਖੜ ਵਾਂਗੂੰ ਹੋ ਗਈ। ਬੱਲੀ ਤੇ ਗੁਰੀ ਆਪਣਾ-ਆਪ ਕਲੁੰਜ ਕੇ ਤੁਰਦੇ ਰਹੇ। ਹਵਾ ਵਿੱਚ ਘੁਲੀਆਂ ਹੋਈਆਂ ਅਵਾਜ਼ਾਂ ਸਾਫ਼ ਤੇ ਉੱਚੀਆਂ ਸੁਣਨ ਲੱਗ ਪਈਆਂ। "ਸਾਡਾ ਅੰਨ ਚੋਰੀ ਹੋ ਗਿਆ। ਸਾਡੀ ਮਿਹਨਤ ਚੋਰੀ ਹੋ ਗਈ। ਹੁਣ ਮਿੱਟੀ ਵੀ ਨਹੀਂ ਆਪਣੀ। ਸਾਡੇ ਖੇਤ ਵੀ ਚੋਰੀ ਹੋ ਗਏ। ਬਾਤਾਂ ਚੋਰੀ ਹੋ ਗਈਆਂ। ਸਾਡੇ ਗੀਤ ਵੀ ਚੋਰੀ ਹੋ ਗਏ। ਮਾਰੋ ਰਲ਼ ਕੇ ਉਸ ਚੋਰ ਨੂੰ। ਜਿਹੜਾ ਰਾਜਾ ਬਣ ਦੇ ਬਹਿ ਗਿਆ।" ਅਵਾਜ਼ਾਂ ਸਾਫ਼ ਦੱਸ ਰਹੀਆਂ ਸਨ ਕਿ ਉਸ ਥੇਹ ਦੇ ਲੋਕ ਰੋਹ ਨਾਲ ਭਰੇ ਹੋਏ ਸਨ। ਉਹ ਵਹੀਰਾਂ ਘੱਤ ਕੇ ਉਸ ਕਿਲ੍ਹੇ ਵੱਲ ਤੁਰ ਪਏ ਸਨ ਜੀਹਦੇ ਅੰਦਰ ਰਾਜੇ ਦਾ ਮਹਿਲ ਸੀ। ਅਚਾਨਕ ਰੋਹ ਭਰੀਆਂ ਅਵਾਜ਼ਾਂ ਵਿੱਚ ਚੀਤਕਾਰ ਸ਼ਾਮਲ ਹੋ ਗਿਆ। ਜਿਧਰ ਕਿਸੇ ਦਾ ਮੂੰਹ ਸੀ, ਉਧਰ ਹੀ ਦੌੜ ਪਿਆ।

"ਨੱਠੋ! ਭੱਜ ਇੱਥੋਂ ! ਜੇ ਬਚ ਸਕਦੇ ਓ ਤਾਂ ਬਚੋ। ਲੋਕ ਚੇਤਾਵਨੀ ਦਾ ਰੌਲ਼ਾ ਪਾਉਂਦੇ ਹੋਏ ਨੱਸ ਰਹੇ ਸਨ।

ਅਚਾਨਕ ਕੀ ਹੋ ਗਿਆ ਸੀ ਭੀੜ ਨੂੰ ? ਜਿਵੇਂ ਡੂੰਮਣਾ ਛਿੜ ਗਿਆ ਹੋਵੇ। ਗੁਰੀ ਤੇ ਬੱਲੀ ਹੈਰਾਨ ਹੋਏ ਖਲੋ ਗਏ।

"ਹੋਇਆ ਕੀ ਐ?" ਗੁਰੀ ਨੇ ਇੱਕ ਘਬਰਾਏ ਹੋਏ ਬੰਦੇ ਨੂੰ ਰੋਕ ਕੇ ਪੁੱਛਿਆ।

"ਤੁਸੀਂ ਵੀ ਨੱਸੋ ਇੱਥੋਂ।" ਉਹ ਬੰਦਾ ਸਾਹੋ-ਸਾਹੀ ਹੋਇਆ ਬੋਲਿਆ, "ਰਾਜੇ ਨੇ ਬਘਿਆੜਾਂ ਦੇ ਦਸਤਿਆਂ ਦੀਆਂ ਸੰਗਲੀਆਂ ਖੋਲ੍ਹ ਦਿੱਤੀਆਂ ਨੇ। ਲੂੰਬੜ, ਲੂੰਬੜੀਆਂ ਵੀ ਬੇਮੁਹਾਰੇ ਹੋ ਗਏ ਨੇ। ਉਹਨਾਂ

ਦੇ ਲਹੂ ਨਾਲ਼ ਲਿਬੜੇ ਹੋਏ ਦੰਦ ਦੂਰੋਂ ਹੀ ਦਿਸ ਪੈਂਦੇ ਨੇ। ਜ਼ਖ਼ਮੀਆਂ ਦੀ ਹਾਹਕਾਰ ਤਾਂ ਤੁਹਾਨੂੰ ਵੀ ਸੁਣਦੀ ਹੋਊਗੀ?" ਏਨੀ ਕੁ ਗੱਲ ਦੱਸ ਕੇ ਉਹ ਬੰਦਾ ਉੱਥੋਂ ਦੌੜ ਪਿਆ।

ਉਹਨਾਂ ਹਾਲਾਤ ਦੀ ਗੰਭੀਰਤਾ ਦਾ ਅੰਦਾਜ਼ਾ ਲਾਇਆ। ਬੁੱਢੇ ਬੋਹੜ ਦੀ ਦਿਸ਼ਾ ਦਾ ਕਿਆਸ ਕੇ ਦੋਵੇਂ ਉੱਥੇ ਦੌੜੇ। ਇਕ ਗਲੀ ਉਹਨਾਂ ਨੂੰ ਬੁੱਢੇ ਬੋਹੜ ਤੱਕ ਲੈ ਗਈ।

ਬੁੱਢੀ ਮਾਈ ਅਜੇ ਉੱਥੇ ਹੀ ਅਲਾਣੇ ਮੰਜੇ ਉੱਤੇ ਬੈਠੀ ਹੋਈ ਸੀ।

ਅਜੇ ਵੀ ਉਹਨਾਂ ਕੋਲ਼ ਬਾਤਾਂ ਨਹੀਂ ਸਨ। ਕੁਝ ਬਾਲ ਬਾਤਾਂ ਦੀ ਉਡੀਕ ਵਿੱਚ ਉੱਥੇ ਹੀ ਸੌਂ ਗਏ ਸਨ। ਕੁਝ ਬਾਲ ਆਪਣੇ ਘਰਾਂ ਨੂੰ ਪਰਤ ਗਏ ਸਨ।

ਗੁਰੀ ਤੇ ਬੱਲੀ ਨੂੰ ਵੇਖ ਕੇ ਮਾਈ ਹੈਰਾਨ ਹੋਈ, "ਪੁੱਤ ! ਤੁਸੀਂ ਅਜੇ ਵੀ ਇੱਥੇ ਹੀ ਤੁਰੇ ਫਿਰਦੇ ਹੋ। ਥੇਹ ਅੰਦਰ ਫ਼ਸਾਦ ਛਿੜੇ ਹੋਏ ਨੇ, ਤੁਹਾਡਾ ਇੰਞ ਸ਼ਰੇਆਮ ਤੁਰੇ ਫਿਰਨਾ ਖ਼ਤਰੇ ਤੋਂ ਖ਼ਾਲੀ ਨਹੀਂ

"ਮਾਂ ! ਤੂੰ ਵੀ ਤਾਂ ਬੋਹੜ ਹੇਠ ਬੈਠੀ ਹੋਈ ਏਂ?" ਗੁਰੀ ਨੇ ਸੁਆਲ ਵਾਂਗੂੰ ਜੁਆਬ ਦਿੱਤਾ।

"ਇੱਥੇ ਬਥੇਰਾ ਉਜਾੜਾ ਹੋ ਚੁੱਕਿਆ ਹੈ। ਉਹ ਮੁੜ ਇੱਥੇ ਨਹੀਂ ਆਉਣਗੇ। ਹੁਣ ਤਾਂ ਇਹ ਥਾਂ ਕਿਲ੍ਹੇ ਵਾਂਗੂੰ ਏਂ।"

"ਪਰ ਮਾਂ ਫ਼ਸਾਦ ਕਿਸ ਗੱਲ ਦੇ ਨੇ? ਇਹ ਖ਼ਤਰਾ ਕਿਉਂ ਹੈ?" ਗੁਰੀ ਨੇ ਪੁੱਛਿਆ। "ਪੱਥਰਾਂ ਦੀ ਪੂਜਾ ਹੁਣੇ ਮੁੱਕੀ ਹੈ। ਉਹਨਾਂ ਪੂਜਾ ਦੀ ਸਮਾਪਤੀ ਵੇਲ਼ੇ ਅਜੀਬ ਮੰਤਰ ਫੂਕ ਦਿਤਾ ਹੈ। ਜਿਹੜੇ ਇਸ ਪੂਜਾ ਤੋਂ ਪਰ੍ਹਾਂ ਰਹੇ ਨੇ, ਅੰਨ੍ਹੇ ਭਗਤ ਉਹਨਾਂ ਨੂੰ ਮਾਰਨ 'ਤੇ ਤੁਲੇ ਹੋਏ ਨੇ। ਉਹ ਪਾਗਲਾਂ ਵਾਂਗ ਗਲ਼ੀਆਂ ਵਿੱਚ ਤੁਰੇ ਫਿਰਦੇ ਨੇ। ਪੱਥਰ ਜਿਨ੍ਹਾਂ ਦਾ ਇਸ਼ਟ ਨਹੀਂ ਉਹਨਾਂ ਨੂੰ ਚੁਣ-ਚੁਣ ਮਾਰ ਰਹੇ ਨੇ। ਆਦਮ ਬੋਅ ਦਾ ਰੌਲ਼ਾ ਤਾਂ ਤੁਸੀਂ ਵੀ ਸੁਣ ਲਿਆ ਹੋਊ?" ਮਾਈ ਨੇ ਫ਼ਸਾਦਾਂ ਦਾ ਬਿਓਰਾ ਦਿੱਤਾ।

"ਮਾਈ ਉਹਨਾਂ ਦੀ ਫਹਿਰਿਸਤ ਵਿਚ ਸਾਡਾ ਵੀ ਨਾਂ ਏ। ਸਾਡੇ ਲਈ ਤਾਂ ਦੂਹਰਾ ਖ਼ਤਰਾ ਏ।" ਬੱਲੀ ਸਹਿਮਿਆ ਹੋਇਆ ਬੋਲਿਆ।

"ਦੂਹਰਾ ਖ਼ਤਰਾ ਕਿਸ ਤਰ੍ਹਾਂ? "ਗੁਰੀ ਨੇ ਮਾਈ ਨੂੰ ਹਰਲ-ਹਰਲ ਕਰਦੇ ਖੂੰਖਾਰ ਬਘਿਆੜਾਂ ਬਾਰੇ ਵੀ ਦੱਸਿਆ ਕਿ ਉਹਨਾਂ ਸ਼ੈਤਾਨ ਬੂਅ ਵਾਲ਼ਿਆਂ ਨੇ ਵੀ ਪਤਾ ਨਹੀਂ ਕਿੰਨਿਆਂ ਦਾ ਘਾਣ ਕਰ ਦਿਤਾ ਸੀ।

"ਦੋਂਹਾਂ ਨੂੰ ਰਾਜੇ ਦੀ ਸ਼ਹਿ ਏ। ਤੁਸੀਂ ਵੇਖਿਓ! ਕੁਝ ਦਿਨਾਂ ਵਿੱਚ ਹੀ ਸਾਰੇ ਸ਼ਾਂਤੀ ਵਰਤ ਜਾਊ। ਰਾਜੇ ਦਾ ਚਿਰਾਂ ਤੋਂ ਅਮਨ ਬਹਾਲ ਕਰਨ ਦਾ ਇਹ ਤਰੀਕਾ ਏ।" ਮਾਈ ਨੇ ਵਿਸਤਾਰ ਨਾਲ਼ ਦੱਸਿਆ, "ਨਿੱਕੇ-ਵੱਡੇ ਹਜੂਮ ਪਾਗਲਾਂ ਵਾਂਗੂੰ ਪਿੰਡ ਦੀਆਂ ਗਲ਼ੀਆਂ ਕੱਢ ਰਹੇ ਨੇ। ਉਹਨਾਂ ਦਾ ਤਫ਼ਤੀਸ਼ ਦਾ ਢੰਗ ਵੀ ਨਵੇਕਲ਼ਾ ਏ। ਕਿਸੇ ਨੂੰ ਘੇਰ ਕੇ ਪੁੱਛਦੇ ਨੇ, ਤੂੰ ਕੌਣ ਏ? ਸਾਡੇ ਵਰਗਾ ਕਿਉਂ ਨਹੀਂ? ਕਿਸੇ ਹੋਰ ਨੂੰ ਲਲਕਾਰਦੇ ਨੇ, ਉਏ! ਤੂੰ ਸਾਡੇ ਵਰਗਾ ਕਿਉਂ ਏ? ਤੂੰ ਜ਼ਰੂਰ ਭੇਸ ਬਦਲ ਕੇ ਸੂਹ

ਗੁਰੀ ਨੇ ਮਾਈ ਨੂੰ ਚੇਤਾ ਕਰਾਇਆ, "ਮਾਂ ! ਤੂੰ ਥੇਹ ਦਾ ਰਾਹ ਸਮਝਾਉਣ ਲੱਗੀ ਸੈਂ। ਤੂੰ ਛੇਤੀ ਦੱਸ! ਜੇ ਦੰਗਈ ਇੱਥੇ ਆ ਗਏ ਤਾਂ ਜਾਹ-ਜਾਂਦੀ ਹੋ ਜੂ।" "ਤੁਸੀਂ ਡਰੋ ਨਾ! ਉਹ ਹੁਣ ਇੱਥੇ ਨਹੀਂ ਆਉਣਗੇ। ਉਹ ਪਹਿਲੋਂ ਹੀ ਇੱਥੇ ਬਥੇਰਾ ਖ਼ੂਨ ਡੋਲ੍ਹ ਗਏ ਨੇ। ਉਹਨਾਂ ਦੀ ਕਤਲੋਗਾਰਤ ਤੋਂ ਪਿੱਛੋਂ ਇਹ ਥਾਂ ਸੁਰੱਖਿਅਤ ਹੋ ਗਈ ਐ।"

ਗੁਰੀ ਨੇ ਫਿਰ ਟੋਕਿਆ, "ਮਾਂ, ਤੂੰ ਸਾਨੂੰ ਰਾਹੇ ਪਾਉਣ ਲੱਗੀ ਸੈਂ।" ਮਾਈ ਨੇ ਮੱਥੇ ਨੂੰ ਹੱਥ ਮਾਰਿਆ, "ਮੈਂ ਵੀ ਪਤਾ ਨਹੀਂ ਕਿੱਧਰ-ਕਿੱਧਰੇ ਦੇ ਮੋੜ ਕੱਟ ਲੈਨੀ ਆਂ। ਹੁਣ ਚੇਤਾ ਰੱਖਿਓ! ਪੱਥਰਾਂ ਵਾਲ਼ੇ ਖੰਡਰਾਂ ਦੇ ਪਿੱਛੇ, ਜੰਗਲ ਵਿਚ ਕੋਈ ਸੁਰੰਗ ਦਸਦੇ ਨੇ। ਉਹ ਸੁਰੰਗ ਤੁਹਾਨੂੰ ਰਾਜੇ ਦੇ ਕਿਲ੍ਹੇ ਦੇ ਅੰਦਰ ਤੱਕ ਲੈ ਜਾਊ। ਉਥੇ ਹੀ ਕਿਧਰੇ ਖੰਡਰ ਹੋਈ ਬਾਉਲ਼ੀ ਹੈ। ਮੈਂ ਬਾਉਲ਼ੀ ਨਹੀਂ ਵੇਖੀ ਹੋਈ। ਬੱਸ ਸੁਣਿਆ ਹੈ ਕਿ ਬਾਉਲ਼ੀ ਦੇ ਵਿੱਚੋਂ ਦੀ ਕੋਈ ਰਾਹ ਹੈਗਾ ਏ ਜਿਹੜਾ ਉਪਰਲੇ ਥੇਹ ਨੂੰ ਜਾਂਦਾ ਏ।"

"ਮਾਈ! ਰਾਜੇ ਦਾ ਕਿਲ੍ਹਾ ਤਾਂ ਮੀਲਾਂ ਵਿੱਚ ਫੈਲਿਆ ਹੋਇਐ। ਮਹਿਲ ਵੀ ਉੱਥੇ ਹੀ ਨੇ। ਉੱਥੇ ਬਾਉਲ਼ੀ ਦੀ ਪਛਾਣ ਦੀ ਕੋਈ ਨਿਸ਼ਾਨੀ ਤਾਂ ਹੋਊ? "ਬੱਲੀ ਦੇ ਮਨ ਵਿੱਚ ਉਹ ਰਾਹ ਉਲਝਿਆ ਹੋਇਆ ਸੀ। "ਪੁੱਤਰ! ਮੈਂ ਕਿਹੜਾ ਉੱਥੇ ਗਈ ਹੋਈ ਆਂ। ਬੱਸ ਸੁਣੀਆਂ- ਸੁਣਾਈਆਂ ਗੱਲਾਂ ਨੇ। ਮੈਨੂੰ ਏਨਾ ਕੁ ਪਤਾ ਹੈ ਕਿ ਉਹ ਪੁਰਾਣੀ ਬਾਉਲ਼ੀ ਹੁਣ ਖੰਡਰ ਹੋਈ ਪਈ ਐ। "ਉਹ ਬਾਉਲ਼ੀ ਵਿੱਚ ਉਤਰਾਂਗੇ ਕਿਵੇਂ? ਜੋ ਢੱਠੀ ਹੋਈ ਬਾਉਲ਼ੀ ਵਿੱਚ ਉਤਰਦਿਆਂ ਤਿਲਕ ਗਿਆ ਜਾਂ ਕੋਈ ਇੱਟ ਉਖੜ ਗਈ ਫੇਰ ਤਾਂ ਸਿੱਧਾ ਪਤਾਲ ਤਕ ਜਾ ਪਹੁੰਚਾਂਗੇ। ਬੱਲੀ ਨੂੰ ਝੁਣਝੁਣੀ ਜਿਹੀ ਆਈ।

"ਪੁੱਤਰੋ। ਤੁਸੀਂ ਬਾਉਲ਼ੀ ਵਿੱਚ ਇਸ ਤਰ੍ਹਾਂ ਉਤਰਿਓ ਜਿਵੇਂ ਮਨ ਵਿੱਚ ਉਤਰੀਦਾ ਹੈ। ਜੋ ਮਨ ਵਿੱਚ ਉੱਤਰ ਸਕੀਏ ਤਾਂ ਅਗਲਾ ਰਾਹ ਆਪੇ ਲੱਭ ਪੈਂਦਾ ਹੁੰਦੈ।"

ਗੁਰੀ ਕਿੰਨੇ ਚਿਰ ਦਾ ਚੁੱਪ ਬੈਠਾ ਹੋਇਆ ਸੀ। ਉਹ ਬੋਲ ਪਿਆ, "ਅਜੀਬ ਗੱਲ ਐ ਮਾਂ! ਸਾਡੇ ਥੇਹ ਵਾਲ਼ੇ ਬਾਬੇ ਨੇ ਆਖਿਆ ਸੀ, ਵਕਤ ਕਈ ਵਾਰ ਆਪੇ ਰਾਹ ਪਾ ਦਿੰਦਾ ਹੁੰਦਾ ਏ।

ਇਹ ਵੀ ਉਸੇ ਨੇ ਹੀ ਆਖਿਆ ਸੀ ਕਿ ਕਿਤਾਬਾਂ ਅੰਦਰ ਰਾਹ ਲੁਕੇ ਹੋਏ ਹੁੰਦੇ ਨੇ।...ਤੇ ਮਾਈ। ਹੁਣ ਤੂੰ ਆਖਦੀ ਏਂ ਮਨ ਵਿੱਚ ਉਤਰੀਏ ਤਾਂ ਮਨ ਵੀ ਰਾਹ ਦੱਸ ਦਿੰਦਾ ਏ। ਕੀਹਦੀ ਗੱਲ ਮੰਨੀਏ ਤੇ ਕੀਹਦੀ ਗੱਲ ਨਾ ਮੰਨੀਏ?"

ਮਾਈ ਹੱਸੀ, "ਪੁੱਤਰ! ਜ਼ਰਾ ਆਪਣੇ ਅੰਦਰ ਉਤਰ ਕੇ ਸੋਚਿਓ ਤਾਂ ਸਹੀ। ਵਕਤ ਵਿੱਚ ਉਤਰਨਾ ਕਿਤਾਬਾਂ ਵਿੱਚ ਉਤਰਨਾ ਜਾਂ ਫਿਰ ਮਨ ਵਿੱਚ ਉਤਰਨਾ ਇੱਕੋ ਹੀ ਗੱਲ ਐ.... ਚਲੋ, ਹੁਣ ਨੱਸੋ ਇੱਥੋਂ!......ਜਾਓ ਆਪਣੇ ਥੇਹ। ਹੋਰ ਦੇਰੀ ਨਾ ਕਰੋ।"

# ਪੰਜਾਬ ਸਕੂਲ ਸਿੱਖਿਆ ਬੋਰਡ
# (ਓਪਨ ਸਕੂਲ ਸਿੱਖਿਆ ਪ੍ਰਨਾਲੀ)

ਓਪਨ ਸਕੂਲ ਪ੍ਰਨਾਲੀ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਇੱਕ ਅਹਿਮ ਉਪਰਾਲਾ ਹੈ, ਜਿਸ ਅਧੀਨ ਰਸਮੀ ਸਿੱਖਿਆ-ਪ੍ਰਨਾਲੀ ਤੋਂ ਵਾਂਝੇ, ਜਿਵੇਂ ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ, ਕਾਰਖ਼ਾਨਿਆਂ ਵਿੱਚ ਕੰਮ ਕਰਦੇ ਮਜ਼ਦੂਰ, ਫ਼ੌਜੀ ਅਤੇ ਅਰਧ-ਸੈਨਿਕ ਦਸਤਿਆਂ ਦੇ ਜਵਾਨ, ਖੇਤੀ-ਬਾੜੀ ਕਰਦੇ ਕਿਸਾਨ, ਨੌਕਰੀਸ਼ੁਦਾ ਲੜਕੇ ਅਤੇ ਲੜਕੀਆਂ, ਦੂਰ-ਦੁਰਾਡੇ ਰਹਿੰਦੇ ਲੋਕ, ਦਿਵਿਆਂਗ (ਵਿਲੱਖਣ-ਸਮਰੱਥਾ ਵਾਲੇ) ਵਿਦਿਆਰਥੀ ਜਿਹੜੇ ਰਸਮੀ ਸਿੱਖਿਆ-ਪ੍ਰਨਾਲੀ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ, ਸਿੱਧੇ ਤੌਰ' ਤੇ ਮੈਟ੍ਰਿਕੁਲੇਸ਼ਨ ਅਤੇ ਬਾਰ੍ਹਵੀਂ ਸ਼੍ਰੇਣੀ, ਬਲਾਕ-2 ਪਰੀਖਿਆ ਜੁਲਾਈ/ਅਗਸਤ, 2026 ਵਿੱਚ ਪੂਰੇ ਵਿਸ਼ਿਆਂ ਦੀ ਪਰੀਖਿਆ ਲਈ ਆਨਲਾਈਨ ਦਾਖ਼ਲਾ ਲੈ ਸਕਦੇ ਹਨ। ਬੋਰਡ ਦੀ ਓਪਨ ਸਕੂਲ ਪ੍ਰਨਾਲੀ ਰਾਹੀਂ ਪੜ੍ਹਾਈ ਲਈ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:

1. ਓਪਨ ਸਕੂਲ-ਪ੍ਰਨਾਲੀ ਅਧੀਨ ਪ੍ਰਾਪਤ ਸਰਟੀਫ਼ਿਕੇਟ ਨੂੰ ਰੈਗੂਲਰ ਵਿਦਿਆਰਥੀਆਂ ਦੇ ਬਰਾਬਰ ਸਰਟੀਫ਼ਿਕੇਟ ਦੀ ਮਾਨਤਾ ਪ੍ਰਾਪਤ ਹੈ।
2. ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ ਦਾਖ਼ਲਾ ਲੈਣ ਵਾਲੇ ਸਾਲ ਦੀ 30 ਸਤੰਬਰ ਨੂੰ 14 ਸਾਲ ਦੀ ਉਮਰ ਪੂਰੀ ਕਰਨ ਵਾਲਾ ਕੋਈ ਵੀ ਉਮੀਦਵਾਰ ਦਾਖ਼ਲਾ ਲੈਣ ਦੇ ਯੋਗ ਹੈ।
ਜਾਂ
ਮੈਟ੍ਰਿਕੁਲੇਸ਼ਨ ਕੋਰਸ ਵਿੱਚ ਦਾਖ਼ਲਾ ਲੈਣ ਸਮੇ ਮਿਡਲ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।
3. ਬਾਰ੍ਹਵੀਂ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁੱਲ ਕਿਸੇ ਦੂਜੇ ਬੋਰਡ ਤੋਂ ਮੈਟ੍ਰਿਕੁਲੇਸ਼ਨ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖ਼ਲਾ ਲੈਣ ਸਮੇਂ ਮੈਟ੍ਰਿਕੁਲੇਸ਼ਨ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ, ਦਾਖ਼ਲਾ ਲੈਣ ਦੇ ਯੋਗ ਹੈ। (ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਦੇ ਪ੍ਰਾਸਪੈਕਟਸ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਉਪਲਬਧ ਹਨ। )
4. ਵਿਦਿਆਰਥੀਆਂ ਨੂੰ ਆਪਣਾ ਸਿੱਧਾ ਦਾਖ਼ਲਾ ਆਨਲਾਈਨ ਪੋਰਟਲ ਰਾਹੀਂ, ਮਾਨਤਾ ਪ੍ਰਾਪਤ (ਐਕਰੀਡਿਟਿਡ) ਅਧਿਐਨ ਕੇਂਦਰਾਂ ਰਾਹੀਂ ਅਤੇ ਬੋਰਡ ਦੇ ਜ਼ਿਲ੍ਹਾ ਖੇਤਰੀ ਦਫ਼ਤਰਾਂ ਰਾਹੀਂ ਦਾਖ਼ਲਾ ਲੈਣ ਦੀ ਸਹੂਲਤ ਦਿੱਤੀ ਗਈ ਹੈ।
5. ਪੜ੍ਹਾਈ ਲਈ ਤਿੰਨ ਅਧਿਐਨ ਕੇਂਦਰ (study centre) ਭਰਨ ਦੀ ਸਹੂਲਤ ਹੈ, ਜਿਨ੍ਹਾਂ ਵਿੱਚੋਂ ਇੱਕ ਅਧਿਐਨ ਕੇਂਦਰ ਅਲਾਟ ਕੀਤਾ ਜਾਂਦਾ ਹੈ।
6. ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ (ਬਲਾਕ-2 ਪਰੀਖਿਆ ਜੁਲਾਈ/ਅਗਸਤ-2026) ਲਈ ਬਿਨਾਂ ਲੇਟ ਫ਼ੀਸ ਮਿਤੀ 28 ਫ਼ਰਵਰੀ, 2026 ਅਤੇ ਲੇਟ ਫ਼ੀਸ ਨਾਲ ਮਿਤੀ 30-04-2026 ਤੱਕ ਦਾਖ਼ਲਾ ਲਿਆ ਜਾ ਸਕਦਾ ਹੈ।
7. ਪਰੀਖਿਆ ਪਾਸ ਕਰਨ ਲਈ ਕੁੱਲ ਸੱਤ ਮੌਕਿਆਂ ਦੀ ਸਹੂਲਤ ਦਿੱਤੀ ਗਈ ਹੈ।
8. ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲ ਦੇ ਫ਼ੇਲ੍ਹ ਵਿਦਿਆਰਥੀਆਂ ਲਈ ਦਾਖ਼ਲੇ ਦੇ ਸਾਲ ਤੋਂ ਪੰਜ ਸਾਲ ਤੱਕ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਕ੍ਰੈਡਿਟ ਕੈਰੀ ਦੀ ਸਹੂਲਤ ਹੈ।
9. ਸਾਲ ਵਿੱਚ ਦੋ ਵਾਰ ਵਿਅਕਤੀਗਤ ਸੰਪਰਕ ਪ੍ਰੋਗ੍ਰਾਮ (ਪੀ.ਸੀ.ਪੀ) ਰਾਹੀਂ ਪੜ੍ਹਾਈ ਕਰਨ ਦੀ ਸਹੂਲਤ ਹੈ।
10. ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੀ ਰੈਗੂਲਰ ਵਿਦਿਆਰਥੀਆਂ ਵਾਲਾ ਪਾਠ-ਕ੍ਰਮ ਲਾਗੂ ਹੈ।
11. ਵਧੇਰੇ ਜਾਣਕਾਰੀ ਲਈ ਓਪਨ ਸਕੂਲ ਦੀ E-mail-openschoolpseb@punjab.gov.in ਅਤੇ ਫ਼ੋਨ ਨੰਬਰ-0172-5227197, 196 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਇੰਚਾਰਜ (ਓਪਨ ਸਕੂਲ)**
**ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।**

Registered No. CHD/0062/2024-2026
Registered with the Registrar of Newspapers for India, New Delhi under R.N.I. 18176/71

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਫਲੋਰਿਡ ਪ੍ਰਿੰਟ ਐਂਡ ਪੈੱਕ ਪ੍ਰਾਈਵੇਟ ਲਿਮਟਿਡ, ਪਲਾਟ ਨੰ. 22, ਫੈਕਟਰੀ ਏਰੀਆ, ਪਟਿਆਲਾ ਤੋਂ ਛਪਵਾ ਕੇ ਫੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 31 ਜਨਵਰੀ 2026 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਪਰਮਿੰਦਰ ਕੌਰ

ਮੁੱਲ: ₹20

ਲੈਣ ਆਇਆ ਏਂ।"

"ਫੇਰ ਦੋਹਾਂ ਵਿੱਚੋਂ ਕੀਹਨੂੰ ਜਿਊਣਾ ਨਸੀਬ ਹੁੰਦਾ ਏ ?" ਬੱਲੀ ਨੇ ਭੰਮੱਤਰ ਕੇ ਪੁੱਛਿਆ। "ਕਿਸੇ ਨੂੰ ਵੀ ਨਹੀਂ।"

"ਪਰ ਮਾਂ। ਅਸੀਂ ਨਾ ਉਹਨਾਂ ਵਰਗੇ, ਨਾ ਕਿਸੇ ਹੋਰ ਵਰਗੇ। ਫੇਰ ਉਹ ਸਾਨੂੰ ਕਿਉਂ ਮਾਰਨਗੇ? ਗੁਰੀ ਨੇ ਕਿਹਾ, "ਅਸੀਂ ਤਾਂ ਆਪਣੇ ਵਰਗੇ ਹਾਂ।"

"ਤੁਸੀਂ ਦੋਵੇਂ ਨਿਰੋਲ ਮਨੁੱਖ ਤਾਂ ਦਿਸਦੇ ਹੀ ਹੈ ਨਾ। ਬਘਿਆੜਾਂ ਦਾ ਵੀ ਤੁਸੀਂ ਸੁਆਦਲਾ ਭੋਜਨ ਹੋ। ਮੌਤ ਹਰ ਇੱਕ ਦੇ ਸਿਰ ਉੱਤੇ ਮੰਡਰਾ ਰਹੀ ਹੈ।

ਮਾਈ ਬੜੀ ਸਹਿਜਤਾ ਨਾਲ਼ ਹਾਲਾਤ ਦਾ ਚਿੱਠਾ ਫਰੋਲ਼ ਰਹੀ ਸੀ। ਲਗਦਾ ਸੀ ਜਿਵੇਂ ਉਸ ਨੂੰ ਕਿਸੇ ਭਾਂਤ ਦਾ ਕੋਈ ਖ਼ਤਰਾ ਹੀ ਨਹੀਂ ਸੀ। ਉਹਨੇ ਅੱਗੇ ਗੱਲ ਤੋਰੀ, "ਪੁੱਤ! ਉਹ ਚਾਹੁੰਦੇ ਨੇ ਹਰ ਕਿਸੇ ਕੋਲ਼ ਉਹਨਾਂ ਦੀ ਮਰਜ਼ੀ ਦਾ ਰੱਬ ਹੋਵੇ। ਇਹ ਕਦੀ ਹੋਇਆ ਹੈ ਭਲਾ?"

ਗੁਰੀ ਤੇ ਬੱਲੀ ਸਹਿਮੇ ਜਿਹੇ ਮਾਈ ਦੇ ਅਲਾਣੇ ਮੰਜੇ ਦੀ ਪੈਂਦ ਵੰਨੀ ਬੈਠ ਗਏ। ਗੁਰੀ ਬੋਲਿਆ, "ਮਾਈ! ਜੋ ਉਹਨਾਂ ਸਾਨੂੰ ਕਾਬੂ ਕਰ ਲਿਆ ਤਾਂ ਮਾਰ ਦੇਣਗੇ। ਸਾਨੂੰ ਆਪਣੇ ਪਿੰਡ ਦਾ ਰਾਹ ਵੀ ਤਾਂ ਨਹੀਂ ਆਉਂਦਾ। ਜੇ ਸਾਨੂੰ ਆਪਣੇ ਪਿੰਡ ਦੇ ਰਾਹ ਦਾ ਪਤਾ ਹੋਵੇ ਤਾਂ ਅਸੀਂ ਇੱਥੋਂ ਜਾਈਏ। ਉੱਥੇ ਤਾਂ ਸਾਨੂੰ ਕੋਈ ਡਰ-ਡੁਕਰ ਹੀ ਨਹੀਂ ਸੀ। ਦਿਨ ਭਰ ਹੱਸਦੇ-ਖੇਡਦੇ ਸਾਂ।

"ਕੀ ਨਾਂ ਏਂ ਤੁਹਾਡੇ ਪਿੰਡ ਦਾ?"

"ਥੇਹ!" "ਥੇਹ!" ਮਾਈ ਹੱਸਣ ਲੱਗ ਪਈ, "ਪੁੱਤਰ! ਤੁਸੀਂ ਥੇਹ ਵਿੱਚ ਹੀ ਤਾਂ ਬੈਠੇ ਹੋਏ ਹੋ।" "ਨਹੀਂ ਮਾਂ! ਸਾਡਾ ਇਹ ਥੇਹ ਨਹੀਂ। ਸਾਡੇ ਵਾਲ਼ਾ ਥੇਹ ਉੱਪਰ ਐ।"

"ਹਰ ਥੇਹ-ਥੇਹ ਹੁੰਦਾ ਹੈ। ਕਿਸੇ ਵੀ ਥੇਹ ਦੇ ਉੱਪਰ ਜਾਂ ਥੱਲੇ ਹੋਣ ਦਾ ਕੋਈ ਫ਼ਰਕ ਨਹੀਂ ਹੁੰਦਾ।" ਮਾਈ ਨੇ ਸਮਝਾਇਆ, ਪਹਿਲੇ ਜ਼ਮਾਨੇ ਵਿੱਚ ਥੇਹ ਮੋਇਆਂ ਦੇ ਪਿੰਡ ਨੂੰ ਆਖਦੇ ਸਨ ਜਾਂ ਫਿਰ ਇਉਂ ਕਹਿ ਲਵੋ ਕਿ ਲੋਕ ਪਿੰਡ ਦੇ ਮਲਬੇ ਨੂੰ ਥੇਹ ਆਖਦੇ ਸਨ।"

"ਮਾਈ, ਸਾਡਾ ਪਿੰਡ ਤਾਂ ਜਿਊਂਦਿਆਂ ਦਾ ਏ।" ਬੱਲੀ ਨੇ ਹੁੱਬ ਕੇ ਦੱਸਿਆ। "ਇਹ ਜ਼ਰੂਰੀ ਨਹੀਂ ਕਿ ਤੁਰੇ ਫਿਰਦੇ, ਗੱਲਾਂ ਕਰਦੇ ਤੇ ਹੱਸਦੇ ਹੋਏ ਲੋਕ ਜਿਊਂਦੇ ਹੋਏ ਵੀ ਹੋਣ।"

"ਫਿਰ ਪਿੰਡ ਥੇਹ ਕਿਉਂ ਨੇ?" "ਰਾਜਿਆਂ ਨੂੰ ਆਪਣੀ ਪਰਜਾ ਦੇ ਰਹਿਣ ਲਈ ਥੇਹ ਚਾਹੀਦੇ ਹੁੰਦੇ ਨੇ। ਉਹਨਾਂ ਦੀ ਸ਼ੈਤਾਨੀ ਜਾਦੂਗਰੀ ਜਿਉਂਦਿਆਂ ਉੱਤੇ ਨਹੀਂ ਚਲਦੀ। ਉਹਨਾਂ ਮੋਇਆਂ ਉੱਤੇ ਚੱਲਦੀ ਹੈ ਜਿਹੜੇ ਜਿਉਂਦਿਆਂ ਵਾਂਗੂੰ ਦਿਸਦੇ ਹੋਣ।" ਮਾਈ ਨੇ ਠੰਢਾ ਸਾਹ ਭਰਿਆ, "ਬੱਚਿਓ ! ਮੈਂ ਜਾਣਨੀ ਆਂ, ਬੰਦਾ ਛੇਤੀ ਛੇਤੀ ਹੋਰ ਕਿਧਰੇ ਨਹੀਂ ਜਾ ਸਕਦਾ ਹੁੰਦਾ। ਉਹਨੇ ਆਪਣੇ ਥੇਹ ਵੱਲ ਹੀ ਪਰਤਣਾ ਹੁੰਦੈ। ਮੈਂ ਸੱਠ ਸਾਲ ਪਹਿਲਾਂ ਇਸ ਥੇਹ ਵਿੱਚ ਵਿਆਹੀ ਹੋਈ ਆਈ ਸਾਂ, ਹਾਲੇ ਵੀ ਇਸੇ ਥੇਹ ਵਿੱਚ ਬੈਠੀ ਹੋਈ ਹਾਂ, ਕਿਧਰੇ ਨਹੀਂ ਗਈ।"